ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

The South Asian

# INSIDER







**Youtube, Facbook, Twiter, Instagramme, Linkedin, Tiktok**

ਅੱਜ ਦਾ ਜ਼ਮਾਨਾ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ
ਤੇ ਤੁਸੀਂ ਵੀ ਸਾਡੇ ਰਾਹੀਂ ਆਪਣੇ
ਕਾਰੋਬਾਰ ਨੂੰ ਵਧਾਉਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ

**ਅਮਰੀਕਾ ਤੋਂ ਪ੍ਰਕਾਸ਼ਿਤ ਹੋ ਰਹੇ**

**ਪੰਜਾਬੀ ਦੁਨੀਆ ਅਖ਼ਬਾਰ**

**ਵਿਚ ਆਪਣੀ ਛਪਣਯੋਗ ਸਮੱਗਰੀ ਹੇਠ ਲਿਖੇ ਈਮੇਲ ਪਤੇ ਤੇ ਭੇਜੋ। ਸਮੱਗਰੀ ਪੰਜਾਬੀ ਦੇ ਕਿਸੇ ਵੀ ਫੌਂਟ ਵਿਚ ਤੁਸੀਂ ਭੇਜ ਸਕਦੇ ਹੋ**

punjabiduniya@gmail.com,
/www.thesouthasianinsider.com/punjabi-duniya

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 19 Issue 24 | Friday 13 Sep-19 Sep, 2024 | Published Weekly from New York | www.PUNJABIDUNIYAMEDIA.com




# ਕਮਲਾ ਹੈਰਿਸ ਨੂੰ ਮਿਲਿਆ ਇਸ ਪੌਪ ਸਟਾਰ ਦਾ ਸਮਰਥਨ ਵੋਟਰ ਰਜਿਸਟ੍ਰੇਸ਼ਨ ’ਚ 500 ਫੀਸਦੀ ਦਾ ਵਾਧਾ

ਅਮਰੀਕਾ ’ਚ ਪੌਪ ਸਟਾਰ ਟੇਲਰ ਸਵਿਫਟ ਵੱਲੋਂ ਰਾਸ਼ਟਰਪਤੀ ਅਹੁਦੇ ਲਈ ਕਮਲਾ ਹੈਰਿਸ ਦਾ ਸਮਰਥਨ ਕੀਤੇ ਜਾਣ ਤੋਂ ਬਾਅਦ ਵੋਟਰ ਰਜਿਸਟ੍ਰੇਸ਼ਨ ਵਿਚ ਤੇਜ਼ੀ ਆਈ ਹੈ। ਡਾਟਾ ਫਰਮ ਟਾਰਗੇਟ ਸਮਾਰਟ ਦੇ ਸੀਨੀਅਰ ਸਲਾਹਕਾਰ ਟਾਮ ਬੋਨੀਅਰ ਅਨੁਸਾਰ ਸਵਿਫਟ ਵੱਲੋਂ ਹੈਰਿਸ ਦਾ ਸਮਰਥਨ ਕਰਨ ਨਾਲ ਵੋਟਰ ਰਜਿਸਟ੍ਰੇਸ਼ਨ ’ਚ 400 ਫੀਸਦੀ ਜਾਂ 500 ਫੀਸਦੀ ਦਾ ਵਾਧਾ ਹੋਇਆ ਹੈ। ਪ੍ਰਤੀ ਘੰਟਾ 9000 ਤੋਂ 10,000 ਰਜਿਸਟ੍ਰੇਸ਼ਨਾਂ ਹੋਈਆਂ ਹਨ। ਬੋਨੀਅਰ ਨੇ ਕਿਹਾ ਕਿ ਇਹ ਵਾਧਾ ਪਹਿਲਾਂ ਕਦੇ ਨਹੀਂ ਦੇਖਿਆ ਗਿਆ।

**ਹੈਰਿਸ ਨੂੰ ਦੱਸਿਆ ਯੋਧਾ**

ਰਿਪੋਰਟ ਅਨੁਸਾਰ ਇਸ ਹਫਤੇ ਦੀ ਸ਼ੁਰੂਆਤ ’ਚ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਅਤੇ ਡੋਨਾਲਡ ਟਰੰਪ ਵਿਚਕਾਰ ਪਹਿਲੀ ਬਹਿਸ ਤੋਂ ਬਾਅਦ ਸਵਿਫਟ ਨੇ ਚੋਣਾਂ ’ਤੇ ਆਪਣੀ ਚੁੱਪੀ ਤੋੜੀ ਅਤੇ ਮੌਜੂਦਾ ਉਪ ਰਾਸ਼ਟਰਪਤੀ ਨੂੰ ਸਮਰਥਨ ਦਿੱਤਾ। ਆਪਣੀ ਪੋਸਟ ’ਚ ਉਨ੍ਹਾਂ ਨੇ ਕਮਲਾ ਹੈਰਿਸ ਨੂੰ ਇਕ ਸਥਿਰ, ਪ੍ਰਤਿਭਾਸ਼ਾਲੀ ਨੇਤਾ ਵਜੋਂ ਸਨਮਾਨਿਤ ਕੀਤਾ। ਸਵਿਫਟ ਦਾ ਮੰਨਣਾ ਹੈ ਕਿ ਜੇ ਅਸੀਂ ਅਰਾਜਕਤਾ ਛੱਡ ਕੇ ਸ਼ਾਂਤੀ ਨਾਲ ਅਗਵਾਈ ਕਰੀਏ ਤਾਂ ਅਸੀਂ ਇਸ ਦੇਸ਼ ਵਿਚ ਬਹੁਤ ਕੁਝ ਹਾਸਲ ਕਰ ਸਕਦੇ ਹਾਂ। ਸਵਿਫਟ ਨੇ ਇਹ ਵੀ ਕਿਹਾ ਕਿ ਹੈਰਿਸ ਅਧਿਕਾਰਾਂ ਅਤੇ ਕਾਰਨਾਂ ਲਈ ਲੜਦੀ ਹੈ, ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਅੱਗੇ ਲਿਜਾਣ ਲਈ ਇਕ ਯੋਧਾ ਦੀ ਜ਼ਰੂਰਤ ਹੈ।

**5 ਲੱਖ ਲੋਕਾਂ ਨੇ ਕੀਤਾ ਵੋਟ ਰਜਿਸਟ੍ਰੇਸ਼ਨ ਵੈੱਬਸਾਈਟ ਦਾ ਦੌਰਾ**

ਸਵਿਫਟ ਨੇ ਵੋਟਰਾਂ ਨੂੰ ਸੋਚ-ਸਮਝ ਕੇ ਵੋਟਿੰਗ ਕਰਨ ਦੀ ਅਪੀਲ ਕੀਤੀ ਅਤੇ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਨੂੰ ਜਲਦੀ ਰਜਿਸਟ੍ਰੇਸ਼ਨ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ’ਤੇ ਵੋਟ ਰਜਿਸਟ੍ਰੇਸ਼ਨ ਸਾਈਟ ਦਾ ਲਿੰਕ ਵੀ ਸਾਂਝਾ ਕੀਤਾ ਹੈ। ਸੀ. ਐੱਨ. ਐੱਨ. ਦੀ ਰਿਪੋਰਟ ’ਚ ਕਿਹਾ ਗਿਆ ਹੈ ਕਿ ਸਵਿਫਟ ਵੱਲੋਂ ਕਮਲਾ ਹੈਰਿਸ ਦੇ ਸਮਰਥਨ ਵਿਚ ਪੋਸਟ ਦੇ 24 ਘੰਟਿਆਂ ਦੇ ਅੰਦਰ ਲੱਗਭਗ 5 ਲੱਖ ਲੋਕਾਂ ਨੇ ਸਿੱਧੇ ਤੌਰ ’ਤੇ ਵੋਟਰ ਰਜਿਸਟ੍ਰੇਸ਼ਨ ਵੈੱਬਸਾਈਟ ਦਾ ਦੌਰਾ ਕੀਤਾ, ਜਦਕਿ ਇਸ ਸਾਈਟ ’ਤੇ ਹਰ ਰੋਜ਼ ਲੱਗਭਗ 30,000 ਤੋਂ ਜ਼ਿਆਦਾ ਸਾਈਟ ਵਿਜ਼ਿਟਰ ਹਨ।

**ਟਰੰਪ ਨੇ ਸਵਿਫਟ ਨੂੰ ਦਿੱਤੀ ਧਮਕੀ**

ਇਸ ਦੌਰਾਨ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਿਤਾਵਨੀ ਦਿੱਤੀ ਕਿ ਪੌਪ ਸਟਾਰ ਟੇਲਰ ਸਵਿਫਟ ਨੂੰ ਉਪ ਰਾਸ਼ਟਰਪਤੀ ਕਮਲਾ ਹੈਰਿਸ ਦਾ ਜਨਤਕ ਤੌਰ ’ਤੇ ਸਮਰਥਨ ਕਰਨ ਦੀ ਕੀਮਤ ਚੁਕਾਉਣੀ ਪਵੇਗੀ। ਅਮਰੀਕੀ ਨਿਊਜ਼ ਸ਼ੋਅ ਫਾਕਸ ਐਂਡ ਫਰੈਂਡਜ਼ ਨੂੰ ਦਿੱਤੇ ਇਕ ਇੰਟਰਵਿਊ ’ਚ ਸਾਬਕਾ



ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟੇਲਰ ਸਵਿਫਟ ਦੇ ਸਿਆਸੀ ਰੁਖ ਨੂੰ ਖਾਰਿਜ ਕਰਦੇ ਹੋਏ ਕਿਹਾ ਕਿ ਉਹ ਪੌਪ ਸਟਾਰ ਦੇ ਪ੍ਰਸ਼ੰਸਕ ਨਹੀਂ ਹਨ। ਇਹ ਸਿਰਫ ਸਮੇਂ ਦੀ ਗੱਲ ਸੀ। ਉਹ ਸੰਭਾਵਤ ਤੌਰ ’ਤੇ ਬਾਈਡੇਨ ਦਾ ਸਮਰਥਨ ਨਹੀਂ ਕਰ ਸਕਦੀ ਸੀ ਪਰ ਉਹ ਬਹੁਤ ਉਦਾਰਵਾਦੀ ਔਰਤ ਹੈ। ਅਜਿਹਾ ਲੱਗਦਾ ਹੈ ਕਿ ਉਹ ਹਮੇਸ਼ਾ ਡੈਮੋਕ੍ਰੇਟ ਦਾ ਸਮਰਥਨ ਕਰਦੀ ਹੈ ਅਤੇ ਉਸ ਨੂੰ ਮਾਰਕੀਟ ਵਿਚ ਇਸ ਦੀ ਕੀਮਤ ਚੁਕਾਉਣੀ ਪੈ ਸਕਦੀ ਹੈ।

# ਚੰਡੀਗੜ੍ਹ ਗ੍ਰਨੇਡ ਹਮਲਾ: ਅਤਿਵਾਦੀ ਰਿੰਦਾ ਤੇ ਗੈਂਗਸਟਰ ਹੈਪੀ ਦਾ ਹੱਥ !



ਚੰਡੀਗੜ : ਪੰਜਾਬ ਪੁਲੀਸ ਨੇ ਚੰਡੀਗੜ੍ਹ ਗ੍ਰਨੇਡ ਹਮਲੇ ਮਾਮਲੇ ’ਚ ਅੱਜ ਇੱਕ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਨਾਲ ਹੀ ਦਾਅਵਾ ਕੀਤਾ ਕਿ ਇਸ ਹਮਲੇ ਪਿੱਛੇ ਪਾਕਿਸਤਾਨ ਅਧਾਰਿਤ ਅਤਿਵਾਦੀ ਹਰਵਿੰਦਰ ਸਿੰਘ ਰਿੰਦਾ ਅਤੇ ਅਮਰੀਕਾ ਅਧਾਰਿਤ ਗੈਂਗਸਟਰ ਹਰਪ੍ਰੀਤ ਸਿੰਘ ਹੈਪੀ ‘ਪਸ਼ੀਆ’ ਮੁੱਖ ਸਾਜ਼ਿਸ਼ਘਾੜੇ ਸਨ। ਚੰਡੀਗੜ੍ਹ ਦੇ ਸੈਕਟਰ-10 ਇਹ ਧਮਾਕਾ ਬੁੱਧਵਾਰ ਨੂੰ ਹੋਇਆ ਸੀ ਅਤੇ ਘਰ ਦੇ ਮਾਲਕ ਨੇ ਦਾਅਵਾ ਕੀਤਾ ਸੀ ਕਿ ਇੱਕ ਆਟੋ ਰਿਕਸ਼ਾ ’ਚ ਆਏ ਦੋ ਵਿਅਕਤੀਆਂ ਨੇ ਗ੍ਰਨੇਡ ਸੁੱਟਿਆ ਸੀ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰੋਹਨ ਮਸੀਹ ਵਾਸੀ ਪਿੰਡ ਪਸ਼ੀਆ, ਅੰਮ੍ਰਿਤਸਰ ਵਜੋਂ ਹੋਈ ਹੈ। ਪੁਲੀਸ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਕੇਂਦਰੀ ਏਜੰਸੀਆਂ ਨਾਲ ਸਾਂਝੇ ਅਪਰੇਸ਼ਨ ਦੌਰਾਨ ਕੀਤੀ ਗਈ।

# 1984 ’ਚ ਹਰਿਮੰਦਰ ਸਾਹਿਬ ’ਤੇ ਫ਼ੌਜੀ ਕਾਰਵਾਈ ਗਲਤ ਸੀ: ਚੰਨੀ

## ਕਾਂਗਰਸ ਆਗੂ ਨੇ ਭਾਜਪਾ ਅਤੇ ਆਰਐੱਸਐੱਸ ’ਤੇ ਫ਼ੌਜ ਭੇਜਣ ਲਈ ਦਬਾਅ ਪਾਉਣ ਦਾ ਦੋਸ਼ ਲਾਇਆ

ਚੰਡੀਗੜ੍ਹ : ਕਾਂਗਰਸ ਦੇ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਕਿਹਾ ਕਿ 1984 ’ਚ ਹਰਿਮੰਦਰ ਸਾਹਿਬ ’ਤੇ ਕੀਤੀ ਗਈ ਫ਼ੌਜੀ ਕਾਰਵਾਈ ‘ਗਲਤ’ ਸੀ ਅਤੇ ਉਨ੍ਹਾਂ ਦੀ ਪਾਰਟੀ ਇਸ ਲਈ ਮੁਆਫੀ ਵੀ ਮੰਗ ਚੁੱਕੀ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਸ ਸਮੇਂ ਭਾਜਪਾ ਅਤੇ ਆਰਐੱਸਐੱਸ ਨੇ ਹਰਮਿੰਦਰ ਸਾਹਬ ’ਤੇ ‘ਹਮਲੇ’ ਲਈ ਫ਼ੌਜ ਭੇਜਣ ਦਾ ਦਬਾਅ ਪਾਇਆ ਸੀ। ਚੰਨੀ ਨੇ ਇਹ ਟਿੱਪਣੀ ਇੱਥੇ ਪੱਤਰਕਾਰਾਂ ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੇ ਕੇਸ ਨਾਲ ਸਬੰਧਤ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੀਤੀ। ਇਹ ਪੁੱਛੇ ਜਾਣ ’ਤੇ ਕਿ ਕਾਂਗਰਸ ਨੇ ਅਜੇ ਤੱਕ ਟਾਈਟਲਰ ਨੂੰ ਪਾਰਟੀ ’ਚੋਂ ਕਿਉਂ ਨਹੀਂ ਕੱਢਿਆ, ਚੰਨੀ ਨੇ ਕਿਹਾ, ‘ਕਾਂਗਰਸ ਨੇ ਸਿੱਖ ਵਿਰੋਧੀ ਦੰਗਿਆਂ ਅਤੇ ਹਰਮਿੰਦਰ ਸਾਹਿਬ ’ਤੇ ਹੋਏ ਹਮਲੇ ਲਈ ਇਕ ਵਾਰ ਨਹੀਂ, ਕਈ ਵਾਰ ਮੁਆਫੀ ਮੰਗੀ ਹੈ। ਹਰਿਮੰਦਰ ਸਾਹਿਬ ’ਤੇ ਹਮਲਾ ਗਲਤ ਸੀ, ਕਾਂਗਰਸ ਨੇ ਵੀ ਇਸ ਨੂੰ ਸਵੀਕਾਰ ਕਰ ਲਿਆ ਹੈ।’ ਉਨ੍ਹਾਂ ਸਵਾਲ ਕੀਤਾ ਕਿ ਭਾਜਪਾ 10 ਸਾਲ ਸੱਤਾ ’ਚ ਰਹਿਣ ਦੇ ਬਾਵਜੂਦ ਦੰਗਿਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਕਿਉਂ ਨਹੀਂ ਦੇ ਸਕੀ ? ਇਸ ਦੌਰਾਨ ਪੰਜਾਬ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ’ਤੇ ਦਿੱਲੀ ਭਾਜਪਾ ਦੇ ਆਗੂ



ਤਰਵਿੰਦਰ ਸਿੰਘ ਮਰਵਾਹਾ ਰਾਹੀਂ ਲੋਕ ਸਭਾ ’ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਧਮਕਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਸੰਸਦ ਦੇ ਹੇਠਲੇ ਸਦਨ ਵਿੱਚ ਚੁਣੇ ਹੋਏ ਨੁਮਾਇੰਦੇ ਅਤੇ ਵਿਰੋਧੀ ਧਿਰ ਦੇ ਆਗੂ ਨੂੰ ਧਮਕਾਉਣਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਅਦਾਕਾਰਾ ਅਤੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੇ ਕਿਸਾਨਾਂ ਖ਼ਿਲਾਫ਼ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ। ਹਾਲਾਂਕਿ ਭਾਜਪਾ ਉਸ ਖ਼ਿਲਾਫ਼ ਕਾਰਵਾਈ ਕਰਨ ਵਿੱਚ ਅਸਫਲ ਰਹੀ। ਬਾਜਵਾ ਨੇ ਹਰਦੀਪ ਸਿੰਘ ਪੁਰੀ ਅਤੇ ਇਕਬਾਲ ਸਿੰਘ ਲਾਲਪੁਰਾ ਸਮੇਤ ਭਾਜਪਾ ਆਗੂਆਂ ’ਤੇ ਉਂਗਲ ਉਠਾਉਂਦਿਆਂ ਕਿਹਾ ਕਿ ਜਦੋਂ ਪ੍ਰਦਰਸ਼ਨਕਾਰੀ ਸਿੱਖ ਕਿਸਾਨਾਂ ਨੂੰ ਖਾਲਿਸਤਾਨੀ ਅਤਿਵਾਦੀ ਕਹਿ ਕੇ ਬਦਨਾਮ ਕੀਤਾ ਗਿਆ ਤਾਂ ਉਨ੍ਹਾਂ ਨੇ ਇੱਕ ਸ਼ਬਦ ਵੀ ਕਿਉਂ ਨਹੀਂ ਬੋਲਿਆ।

**ਰਾਹੁਲ ਦੇ ਬਿਆਨ ਦੀ ਹਮਾਇਤ**

ਪ੍ਰਤਾਪ ਸਿੰਘ ਬਾਜਵਾ ਨੇ ਅਮਰੀਕਾ ਵਿਚ ਰਾਹੁਲ ਗਾਂਧੀ ਦੇ ਭਾਸ਼ਣ ਦੀ ਹਮਾਇਤ ਕਰਦਿਆਂ ਕਿਹਾ ਕਿ ਜਦੋਂ ਵੀ ਕੇਂਦਰ ਦੀ ਭਾਜਪਾ ਸਰਕਾਰ ਦਲਿਤਾਂ, ਘੱਟ ਗਿਣਤੀਆਂ ਜਾਂ ਹੋਰ ਕਮਜ਼ੋਰ ਵਰਗਾਂ ਸਮੇਤ ਸਮਾਜ ਦੇ ਕਿਸੇ ਵੀ ਵਰਗ ਨਾਲ ਬੇਇਨਸਾਫ਼ੀ ਕਰਨ ਦੀ ਹਿੰਮਤ ਕਰੇਗੀ ਤਾਂ ਕਾਂਗਰਸ ਪਾਰਟੀ ਇਨ੍ਹਾਂ ਲੋਕਾਂ ਨਾਲ ਡਟ ਕੇ ਖੜ੍ਹੀ ਹੋਵੇਗੀ। ਦੇਸ਼ ’ਚ ਇਸ ਸਮੇਂ ਹਾਲਾਤ ਅਜਿਹੇ ਹਨ ਕਿ ਲੋਕਾਂ ਨੂੰ ਭਾਸ਼ਾ, ਧਰਮ ਅਤੇ ਜਾਤ ਦੇ ਆਧਾਰ ’ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਰਾਹੁਲ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ।




Are you paying too much for Auto, Home, Business, Workman Compensation, Contractors, General Liability, E&O ?

*Call us today for complimentary Analysis of your policy.*

*Sharanjit Singh Thind, Phone 646 875 8495*



# ਅੰਮ੍ਰਿਤਪਾਲ ਦੇ ਰਿਸ਼ਤੇਦਾਰਾਂ ਤੇ ਹਮਾਇਤੀਆਂ ਦੇ ਘਰਾਂ ’ਤੇ ਛਾਪੇ

- ਐੱਨਆਈਏ ਨੇ ਜੱਲੂਪੁਰ ਖੇੜਾ ਰਹਿੰਦੇ ਚਾਚੇ ਨੂੰ ਪੁੱਛ ਪੜਤਾਲ ਲਈ 26 ਨੂੰ ਚੰਡੀਗੜ੍ਹ ਸੱਦਿਆ
- ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਚਾਚਾ ਸੁਖਚੈਨ ਸਿੰਘ ਛਾਪਿਆਂ ਬਾਰੇ ਜਾਣਕਾਰੀ ਦਿੰਦੇ ਹੋਏ।
- ਛਾਪਿਆਂ ਦੌਰਾਨ ਮੋਬਾਈਲ ਫ਼ੋਨ, ਪੈੱਨ ਡਰਾਈਵ, ਸੀਸੀਟੀਵੀ ਕੈਮਰਿਆਂ ਦੀ ਡੀਵੀਆਰ ਕਬਜ਼ੇ ’ਚ ਲਈ
- ਮੁਹਾਲੀ ’ਚ ਪੰਜਾਬ ਮੰਡੀ ਬੋਰਡ ਦੇ ਅਧਿਕਾਰੀ ਦੇ ਘਰ ਦੀ ਤਲਾਸ਼ੀ ਲਈ

ਅੰਮ੍ਰਿਤਸਰ : ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਅੱਜ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਤੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਕੇ-ਸਬੰਧੀਆਂ ਤੇ ਹੋਰ ਸਹਿਯੋਗੀਆਂ ਦੇ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ ਤੇ ਮੋਗਾ ਜ਼ਿਲ੍ਹੇ ਵਿਚਲੀਆਂ ਰਿਹਾਇਸ਼ਾਂ ਤੇ ਹੋਰ ਟਿਕਾਣਿਆਂ ’ਤੇ ਛਾਪੇ ਮਾਰੇ। ਐੱਨਆਈਏ ਦੀਆਂ ਟੀਮਾਂ ਜਾਂਦੇ ਹੋਏ ਮੋਬਾਈਲ ਫੋਨ, ਪੈੱਨ ਡਰਾਈਵਾਂ, ਸੀਸੀਟੀਵੀ ਫੁਟੇਜਾਂ ਦੀ ਡੀਵੀਆਰ ਆਪਣੇ ਨਾਲ ਲੈ ਗਈ। ਟੀਮ ਨੇ ਮੁਹਾਲੀ ਵਿਚ ਪੰਜਾਬ ਮੰਡੀ ਬੋਰਡ ਦੇ ਅਧਿਕਾਰੀ ਦੇ ਘਰ ਦੀ ਤਲਾਸ਼ੀ ਵੀ ਲਈ। ਟੀਮ ਨੇ ਅੰਮ੍ਰਿਤਪਾਲ ਸਿੰਘ ਦੇ ਜੱਲੂਪੁਰ ਖੇੜਾ ਰਹਿੰਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਪੁੱਛ ਪੜਤਾਲ ਲਈ 26 ਸਤੰਬਰ ਨੂੰ ਚੰਡੀਗੜ੍ਹ ਸੱਦਿਆ ਹੈ। ਇਹ ਛਾਪੇ ਦਹਿਸ਼ਤਗਰਦਾਂ ਤੇ ਗੈਂਗਸਟਰਾਂ ਵਿਚਲੇ ਗੱਠਜੋੜ ਨੂੰ ਤੋੜਨ ਅਤੇ ਮਾਰਚ 2023 ਵਿਚ ਕੈਨੇਡਾ ਦੇ ਓਟਵਾ ਵਿਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਖਾਲਿਸਤਾਨ ਪੱਖੀ ਹਮਾਇਤੀਆਂ ਵੱਲੋਂ ਕੀਤੇ ਪ੍ਰਦਰਸ਼ਨ ਤੇ ਕਮਿਸ਼ਨ ਦੇ ਅਹਾਤੇ ਵਿਚ ਦੋ ਗ੍ਰਨੇਡ ਸੁੱਟਣ ਦੇ ਸਬੰਧ ਵਿਚ ਮਾਰੇ ਗਏ ਹਨ। ਅੰਮ੍ਰਿਤਪਾਲ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਇਸ




ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਐੱਨਆਈਏ ਦੀਆਂ ਟੀਮਾਂ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਅੱਜ ਸਵੇਰੇ 5:30 ਵਜੇ ਕੀਤੀ ਛਾਪੇਮਾਰੀ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਚਾਚਾ ਪਰਗਟ ਸਿੰਘ ਜੱਲੂਪੁਰ ਖੇੜਾ ਦੇ ਘਰ ਤੇ ਰਈਆ ਸਥਿਤ ਫਰਨੀਚਰ ਵਾਲੀ ਦੁਕਾਨ ਅਤੇ ਪਿੰਡ ਬੁਤਾਲਾ (ਅੰਮ੍ਰਿਤਸਰ) ਵਿਚ ਉਸ ਦੇ ਭਣੋਈਏ ਅਮਰਜੋਤ ਸਿੰਘ, ਜੋ ਇਸ ਵੇਲੇ ਕੈਨੇਡਾ ਵਿਚ ਰਹਿ ਰਿਹਾ ਹੈ, ਦੇ ਘਰ ਨੂੰ ਨਿਸ਼ਾਨਾ ਬਣਾਇਆ। ਛਾਪੇ ਮੌਕੇ ਅਮਰਜੋਤ ਦੇ ਘਰ ਵਿਚ ਉਸ ਦੀ ਭਰਜਾਈ ਹੀ ਮੌਜੂਦ ਸੀ। ਟੀਮ ਪੰਜ ਘੰਟੇ ਦੇ ਕਰੀਬ ਉਥੇ ਮੌਜੂਦ ਰਹੀ ਤੇ ਜਾਂਦੇ ਹੋਏ ਪੈੱਨ ਡਰਾਈਵ ਅਤੇ ਸੀਸੀਟੀਵੀ ਕੈਮਰਿਆਂ ਦੀ ਡੀਵੀਆਰ ਨਾਲ ਲੈ ਗਈ। ਐੱਨਆਈਏ ਟੀਮ ਨੇ ਮਹਿਤਾ (ਅੰਮ੍ਰਿਤਸਰ), ਸ੍ਰੀ ਹਰਗੋਬਿੰਦਪੁਰ (ਗੁਰਦਾਸਪੁਰ) ਅਤੇ ਅੰਮ੍ਰਿਤਸਰ ਦੇ ਗੁਰਨਾਮ ਨਗਰ ਵਿਚ ਵੀ ਛਾਪੇ ਮਾਰੇ ਹਨ। ਇਸ ਮਗਰੋਂ ਟੀਮ ਅੰਮ੍ਰਿਤਪਾਲ ਸਿੰਘ ਦੇ ਚਾਚੇ ਪਰਗਟ ਸਿੰਘ ਸੰਧੂ ਦੇ ਪਿੰਡ ਜੱਲੂਪੁਰ ਖੇੜਾ ਵਿਚਲੇ ਘਰ ਪੁੱਜੀ। ਇਥੇ ਜਦੋਂ ਕੋਈ ਨਹੀਂ ਮਿਲਿਆ ਤਾਂ ਟੀਮ ਸੰਧੂ ਦੀ ਫੇਰੂਮਾਨ ਰੋਡ ਸਥਿਤ ਫਰਨੀਚਰ ਵਾਲੀ ਦੁਕਾਨ ਕਮ ਘਰ ਪੁੱਜੀ। ਸੰਧੂ ਇਸ ਮੌਕੇ ਘਰ ਵਿਚ ਨਹੀਂ ਸੀ। ਦੋ ਘੰਟੇ ਦੀ ਫਰੋਲਾ-ਫਰੋਲੀ ਮਗਰੋਂ ਐੱਨਆਈਏ ਟੀਮ ਘਰ ਵਿਚ ਮੌਜੂਦ ਦੋ ਮੋਬਾਈਲ ਫ਼ੋਨ, ਪੈੱਨ ਡਰਾਈਵ, ਸੀਸੀਟੀਵੀ ਕੈਮਰਿਆਂ ਦੀ ਡੀਵੀਆਰ ਦੇ ਨਾਲ ਅਮਰਜੀਤ ਕੌਰ ਨੂੰ ਪੁੱਛ ਪੜਤਾਲ ਲਈ ਬਿਆਸ ਥਾਣੇ ਲੈ ਗਈ। ਲਗਪਗ ਚਾਰ-ਪੰਜ ਘੰਟਿਆਂ ਦੀ ਪੁੱਛ ਪੜਤਾਲ ਤੋਂ ਬਾਅਦ ਉਸ ਨੂੰ ਘਰ ਭੇਜ ਦਿੱਤਾ ਗਿਆ। ਟੀਮ ਨੇ ਪਰਗਟ ਸਿੰਘ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ 26 ਸਤੰਬਰ ਨੂੰ ਚੰਡੀਗੜ੍ਹ ਸੱਦਿਆ ਹੈ। ਸੂਤਰਾਂ ਮੁਤਾਬਕ ਐੱਨਆਈਏ ਟੀਮ ਦੇ ਛਾਪੇ ਦੀ ਸੂਚਨਾ ਮਿਲਣ ਤੋਂ ਬਾਅਦ ਉਹ ਕਥਿਤ ਤੌਰ ’ਤੇ ਘਰੋਂ ਚਲਾ ਗਿਆ ਸੀ। ਕਸਬਾ ਰਈਆ ਤੋਂ ਇਲਾਵਾ ਸਠਿਆਲਾ, ਘੁਮਾਣ, ਮਚਰਾਵਾ, ਭਾਮ, ਮਹਿਤਾ ਵਿਚ ਵੀ ਐੱਨਆਈਏ ਟੀਮ ਨੇ ਦਸਤਕ ਦਿੱਤੀ। ਐੱਨਆਈਏ ਟੀਮ ਨੇ ਮੁਹਾਲੀ ਦੇ ਸੈਕਟਰ-69 ਵਿੱਚ ਰਹਿੰਦੇ ਜਤਿੰਦਰ ਸਿੰਘ ਭੰਗੂ ਦੇ ਘਰ ਵੀ ਛਾਪਾ ਮਾਰਿਆ ਅਤੇ ਘਰ ਦੀ ਤਲਾਸ਼ੀ ਲਈ। ਭੰਗੂ ਪੰਜਾਬ ਮੰਡੀ ਬੋਰਡ ਵਿੱਚ ਮੁੱਖ ਨਿਗਰਾਨ ਦੇ ਅਹੁਦੇ ’ਤੇ ਤਾਇਨਾਤ ਹਨ। ਉਹ ਸੈਕਟਰ-69 ਵਿੱਚ ਆਪਣੀ ਪਤਨੀ ਨਾਲ ਰਹਿੰਦੇ ਹਨ ਜਦੋਂਕਿ ਉਨ੍ਹਾਂ ਦਾ ਬੇਟਾ ਕੈਨੇਡਾ ਵਿੱਚ ਰਹਿੰਦਾ ਹੈ। ਰਾਜਪੁਰਾ ਨੇੜਲੇ ਪਿੰਡ ਕੁੱਥਾਖੇੜੀ ਵਿੱਚ ਐੱਨਆਈਏ ਦੀ ਟੀਮ ਨੇ ਜਤਿੰਦਰ ਸਿੰਘ ਖਾਲਸਾ ਦੇ ਘਰ ਰੇਡ ਕੀਤੀ। ਜਾਂਚ ਟੀਮ ਉਨ੍ਹਾਂ ਦੇ ਦੋ ਫੋਨ ਅਤੇ ਦੋ ਕਿਤਾਬਾਂ ਨਾਲ ਲੈ ਗਈ ਅਤੇ ਉਨ੍ਹਾਂ ਨੂੰ 26 ਸਤੰਬਰ ਨੂੰ ਚੰਡੀਗੜ੍ਹ ਦੀ ਮਾਡਲ ਜੇਲ੍ਹ ਵਿੱਚ ਜਾਂਚ ਲਈ ਸੱਦਿਆ ਹੈ। ਮੁਹਾਲੀ ਤੋਂ ਹੀ ਗਈ ਐੱਨਆਈਏ ਦੀ ਇਕ ਹੋਰ ਟੀਮ ਨੇ ਮੋਗਾ ਜ਼ਿਲ੍ਹੇ ਵਿਚ ਸਮਾਲਸਰ ਦੇ ਕਵੀਸ਼ਰੀ ਜਥੇ ਦੇ ਆਗੂ ਮੱਖਣ ਸਿੰਘ ਮੁਸਾਫਰ ਦੇ ਘਰ ਛਾਪਾ ਮਾਰਿਆ। ਸਥਾਨਕ ਪੁਲੀਸ ਨੂੰ ਹਾਲਾਂਕਿ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਟੀਮ ਬਿਨਾਂ ਸਬੂਤਾਂ ਦੇ ਵਾਪਸ ਪਰਤ ਗਈ। ਸਮਾਲਸਰ ਦੇ ਸਰਪੰਚ ਅਮਰਜੀਤ ਸਿੰਘ ਅਤੇ ਮੱਖਣ ਸਿੰਘ ਮੁਸਾਫਰ ਦੀ ਪਤਨੀ ਵੀਰਪਾਲ ਕੌਰ ਨੇ ਦੱਸਿਆ ਕਿ ਛਾਪੇ ਵੇਲੇ ਮੱਖਣ ਸਿੰਘ ਘਰ ਵਿਚ ਨਹੀਂ ਸੀ। ਮੱਖਣ ਸਿੰਘ ਮੁਸਾਫਰ ਝੋਨੇ ਦੀ ਪਰਾਲੀ ਦੀਆਂ ਗੱਠਾਂ ਬੰਨ੍ਹਣ ਦਾ ਕੰਮ ਕਰਦਾ ਹੈ ਅਤੇ ਉਸ ਕੋਲ ਬੇਲਰ ਵੀ ਹੈ। ਪੁਲੀਸ ਨਾਲ ਸਿਵਲ ਵਰਦੀ ਵਿੱਚ ਆਏ ਮੁਲਾਜ਼ਮਾਂ ਨੇ ਪਰਿਵਾਰ ਦੇ ਮੋਬਾਈਲ ਫੋਨ ਖੋਹ ਲਏ ਅਤੇ ਘਰ ਵਿੱਚ ਪਏ ਆਟੇ ਦੇ ਪੀਪੇ ਤੱਕ ਚੈੱਕ ਕੀਤੇ। ਵੀਰਪਾਲ ਕੌਰ ਨੇ ਕਿਹਾ ਕਿ ਉਸ ਦੇ ਪਤੀ ਨੂੰ 24 ਸਤੰਬਰ ਨੂੰ ਐੱਨਆਈਏ ਦੇ ਮੁਹਾਲੀ ਦਫ਼ਤਰ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਹੈ।






# ਮਾਨ ਸਰਕਾਰ ਨੇ 'ਮਿਸ਼ਨ ਰੋਜ਼ਗਾਰ' ਤਹਿਤ 30 ਮਹੀਨਿਆਂ ਦੌਰਾਨ 44974 ਨੌਜਵਾਨਾਂ ਨੂੰ ਦਿੱਤੀਆਂ ਸਰਕਾਰੀ ਨੌਕਰੀਆਂ




ਚੰਡੀਗੜ੍ਹ- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੇ ਮਹਿਜ਼ 30 ਮਹੀਨਿਆਂ ਵਿੱਚ 44974 ਸਰਕਾਰੀ ਨੌਕਰੀਆਂ ਦੇ ਕੇ ਸੂਬੇ ਦੇ ਨੌਜਵਾਨਾਂ ਦਾ ਜੀਵਨ ਰੌਸ਼ਨ ਕਰਨ ਵਿੱਚ ਇਕ ਹੋਰ ਮੀਲ ਪੱਥਰ ਕਾਇਮ ਕੀਤਾ ਹੈ। ਇੱਥੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਆਡੀਟੋਰੀਅਮ ਵਿੱਚ ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ 293 ਅਸਾਮੀਆਂ ਲਈ ਨਿਯੁਕਤੀ ਪੱਤਰ ਸੌਂਪਣ ਮੌਕੇ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਇਸ ਨੂੰ ਇੱਕ ਇਤਿਹਾਸਕ ਕਦਮ ਦੱਸਿਆ ਜੋ ਨੌਜਵਾਨਾਂ ਦੀ ਤਕਦੀਰ ਬਦਲ ਦੇਵੇਗਾ। ਉਨ੍ਹਾਂ ਕਿਹਾ ਕਿ ਇਸ ਸਥਾਨ 'ਤੇ ਪਹਿਲਾਂ ਵੀ ਕਈ ਅਜਿਹੇ ਸਮਾਗਮ ਹੋਏ ਹਨ, ਜਿਨ੍ਹਾਂ 'ਚ ਨੌਜਵਾਨਾਂ ਨੂੰ ਵੱਖ-ਵੱਖ ਸਰਕਾਰੀ ਵਿਭਾਗਾਂ 'ਚ ਨੌਕਰੀਆਂ ਮਿਲੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਨੌਜਵਾਨਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਹਰੇਕ ਵਿਭਾਗ ਵਿੱਚ ਖਾਲੀ ਹੁੰਦੇ ਸਾਰ ਹੀ ਸਾਰੀਆਂ ਅਸਾਮੀਆਂ ਭਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਪੂਰੀ ਭਰਤੀ ਪ੍ਰਕਿਰਿਆ ਲਈ ਇੱਕ ਠੋਸ ਵਿਧੀ ਅਪਣਾਈ ਗਈ ਹੈ ਜਿਸ ਕਾਰਨ ਇਨ੍ਹਾਂ 44,000 ਤੋਂ ਵੱਧ ਨਿਯੁਕਤੀਆਂ ਵਿੱਚੋਂ ਇੱਕ ਵੀ ਨਿਯੁਕਤੀ ਨੂੰ ਹੁਣ ਤੱਕ ਕਿਸੇ ਵੀ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਗਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਲਈ ਇਹ ਫ਼ਖ਼ਰ ਵਾਲੀ ਗੱਲ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਉਨ੍ਹਾਂ ਲਈ ਬੜੇ ਮਾਣ ਅਤੇ ਤਸੱਲੀ ਵਾਲੀ ਦੀ ਗੱਲ ਹੈ ਕਿ ਸਾਰੇ ਨੌਜਵਾਨਾਂ ਦੀ ਚੋਣ ਪੂਰੀ ਤਰ੍ਹਾਂ ਉਨ੍ਹਾਂ ਦੀ ਯੋਗਤਾ ਅਤੇ ਲਿਆਕਤ ਦੇ ਆਧਾਰ 'ਤੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਪਹਿਲਾ ਸਮਾਗਮ ਨਹੀਂ ਹੈ ਕਿਉਂਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਲਈ ਇਸ ਤੋਂ ਪਹਿਲਾਂ ਵੀ ਅਜਿਹੇ ਕਈ ਸਮਾਗਮ ਕਰਵਾਏ ਜਾ ਚੁੱਕੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਨੇਕ ਕਾਰਜ ਵਿੱਚ ਨੌਜਵਾਨਾਂ ਨੂੰ ਭਾਈਵਾਲ ਬਣਾ ਕੇ ਪੰਜਾਬ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਅਣਥੱਕ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਠੋਸ ਯਤਨਾਂ ਸਦਕਾ ਸੂਬੇ 'ਚੋਂ ਨੌਜਵਾਨਾਂ ਦੇ ਪ੍ਰਵਾਸ ਨੂੰ ਪੁੱਠਾ ਗੇੜ ਪਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨ ਬਿਹਤਰ ਜੀਵਨ ਦੀ ਭਾਲ ਵਿੱਚ ਵਿਦੇਸ਼ ਜਾਣ ਦੀ ਬਜਾਏ ਹੁਣ ਇੱਥੇ ਰੋਜ਼ਗਾਰ ਹਾਸਲ ਕਰਨ ਲਈ ਸਖਤ ਮਿਹਨਤ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਹੜੇ ਨੌਜਵਾਨ ਪਹਿਲਾਂ ਦੂਜੇ ਦੇਸ਼ਾਂ ਵਿਚ ਜਾ ਚੁੱਕੇ ਹਨ, ਉਹ ਵੀ ਹੁਣ ਵਾਪਸ ਆ ਰਹੇ ਹਨ ਅਤੇ ਨੌਕਰੀਆਂ ਲੈਣ ਲਈ ਮਿਹਨਤ ਕਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਖ਼ੁਸ਼ੀ ਅਤੇ ਤਸੱਲੀ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਸਰਕਾਰ ਦੇ ਯਤਨਾਂ ਨੂੰ ਬੂਰ ਪੈਣ ਲੱਗਾ ਹੈ ਅਤੇ ਨੌਜਵਾਨ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਸਰਗਰਮ ਭਾਈਵਾਲ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਗੱਲ ਰਿਕਾਰਡ 'ਤੇ ਹੈ ਕਿ ਸੂਬੇ ਦੇ ਵਿੱਦਿਅਕ ਅਦਾਰਿਆਂ ਵਿੱਚ ਨੌਜਵਾਨਾਂ ਦੇ ਦਾਖਲਿਆਂ 'ਚ ਭਾਰੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਸਦਕਾ ਇਹ ਰੁਝਾਨ ਭਵਿੱਖ ਵਿੱਚ ਵੀ ਜਾਰੀ ਰਹੇਗਾ।

## ਝੂਠੇ ਕੇਸ ਦਰਜ ਹੋਣ ਦਾ ਦਰਦ ਸਮਝ ਰਹੇ ਹੋਣਗੇ ਕੇਜਰੀਵਾਲ: ਖਹਿਰਾ



ਪਟਿਆਲਾ : ਕਾਂਗਰਸੀ ਵਿਧਾਇਕ ਤੇ ਕਾਂਗਰਸ ਕਿਸਾਨ ਸੈੱਲ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਜ਼ਰੂਰ ਸਮਝ ਰਹੇ ਹੋਣਗੇ ਕਿ ਕਿਸੇ 'ਤੇ ਝੂਠੇ ਕੇਸ ਦਰਜ ਕਰਕੇ ਜੇਲ੍ਹ ਵਿਚ ਡੱਕਣਾ ਬਹੁਤ ਭਿਆਨਕ ਹੁੰਦਾ ਹੈ, ਉਸ ਦੇ ਪਰਿਵਾਰ ਨੂੰ ਕਿਨ੍ਹਾਂ ਹਾਲਾਤ ਵਿਚੋਂ ਗੁਜ਼ਰਨਾ ਪੈਂਦਾ ਹੈ ਤੇ ਪਰਿਵਾਰ ਨੂੰ ਕੀ ਕੀ ਦੁੱਖ ਭੁਗਤਣਾ ਪੈਂਦਾ ਹੈ। ਸੁਖਪਾਲ ਖਹਿਰਾ ਨੇ ਐਕਸ 'ਤੇ ਪੋਸਟ ਵਿੱਚ ਅਰਵਿੰਦ ਕੇਜਰੀਵਾਲ ਨੂੰ ਕਈ ਸਵਾਲ ਕੀਤੇ ਹਨ ਤੇ ਖ਼ੁਦ 'ਤੇ ਵੀ ਪੰਜਾਬ ਸਰਕਾਰ ਵੱਲੋਂ ਦਰਜ ਕੇਸਾਂ ਨੂੰ ਝੂਠੇ ਕਰਾਰ ਦਿੱਤਾ ਹੈ। ਖਹਿਰਾ ਨੇ ਕਿਹਾ, 'ਸੀਬੀਆਈ ਤੇ ਈਡੀ ਨੇ ਜੋ ਅਰਵਿੰਦ ਕੇਜਰੀਵਾਲ ਖ਼ਿਲਾਫ਼ ਕੀਤਾ ਹੈ, ਬਿਲਕੁਲ ਉਸੇ ਤਰ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਪੁਲੀਸ ਨੇ ਕਈ ਲੋਕਾਂ ਨਾਲ ਕੀਤਾ ਹੈ। ਮੇਰੇ ਸਮੇਤ ਬਹੁਤ ਸਾਰੇ ਲੋਕਾਂ ਨਾਲ ਬਿਲਕੁਲ ਬੇਤੁਕੇ ਅਤੇ ਰਾਜਨੀਤੀ ਤੋਂ ਪ੍ਰੇਰਿਤ ਗ਼ਲਤ ਆਦੇਸ਼ਾਂ 'ਤੇ ਕੇਸ ਦਰਜ ਹੋਏ, ਜਿਸ ਵਿੱਚ ਉਨ੍ਹਾਂ ਖ਼ਿਲਾਫ਼ 5 ਅਪਰਾਧਿਕ ਕੇਸ ਦਰਜ ਕੀਤੇ ਗਏ ਹਨ, ਜੋ ਬਿਲਕੁਲ ਝੂਠੇ ਤੇ ਰਾਜਨੀਤੀ ਤੋਂ ਪ੍ਰੇਰਤ ਸਨ।' ਸ੍ਰੀ ਖਹਿਰਾ ਨੇ ਕਿਹਾ, 'ਜਿਵੇਂ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਕਰ ਰਹੀ ਹੈ, ਜੇਕਰ ਉਸੇ ਤਰ੍ਹਾਂ ਆਮ ਆਦਮੀ ਪਾਰਟੀ ਵੀ ਆਪਣੇ ਵਿਰੋਧੀਆਂ ਨੂੰ ਦਬਾਉਣਾ ਜਾਰੀ ਰੱਖਦੀ ਹੈ ਤਾਂ ਸਿਆਸੀ ਬਦਲਾਖੋਰੀ ਅਤੇ ਭਾਜਪਾ-ਆਪ ਦੀਆਂ ਨੀਤੀਆਂ ਵਿਚ ਕੀ ਫ਼ਰਕ ਹੋਵੇਗਾ।'

## ਸਿੱਧੂ ਮੂਸੇਵਾਲਾ ਦੀ ਹੱਤਿਆ ਲਈ ਵਰਤੀ ਏਕੇ-47 ਅਦਾਲਤ 'ਚ ਪੇਸ਼

ਮਾਨਸਾ : ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੇ ਦੋ ਮੁੱਖ ਗਵਾਹਾਂ ਵਿੱਚੋਂ ਇੱਕ ਨੇ ਅੱਜ ਮਾਨਸਾ ਦੀ ਹੇਠਲੀ ਅਦਾਲਤ ਵਿੱਚ ਸ਼ੂਟਰਾਂ ਵੱਲੋਂ ਵਰਤੀ ਗਈ ਏਕੇ-47 ਦੀ ਪਛਾਣ ਕੀਤੀ। ਇਹ ਗਵਾਹ ਘਟਨਾ ਵੇਲੇ ਮੂਸੇਵਾਲਾ ਨਾਲ ਮੌਜੂਦ ਸੀ। ਅੰਮ੍ਰਿਤਸਰ ਦੇ ਘਰਿੰਡਾ ਥਾਣੇ ਦੀ ਟੀਮ ਨੇ ਏਕੇ-47 ਲਿਆ ਕੇ ਮਾਨਸਾ ਦੀ ਅਦਾਲਤ ਵਿੱਚ ਪੇਸ਼ ਕੀਤੀ। ਪੰਜਾਬ ਪੁਲੀਸ ਨੇ 20 ਜੁਲਾਈ, 2022 ਨੂੰ ਮਨਪ੍ਰੀਤ ਸਿੰਘ ਉਰਫ਼ ਮੰਨੂ ਕੁੱਸਾ ਅਤੇ ਜਗਰੂਪ ਸਿੰਘ ਉਰਫ਼ ਰੂਪਾ ਜੋ ਛੇ ਨਿਸ਼ਾਨੇਬਾਜ਼ਾਂ 'ਚੋਂ ਸਨ, ਨੂੰ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਭਾਰਤ-ਪਾਕਿਸਤਾਨ ਸਰਹੱਦ ਨੇੜੇ ਮੁਕਾਬਲੇ ਦੌਰਾਨ ਮਾਰ ਦਿੱਤਾ ਸੀ ਤੇ ਉਨ੍ਹਾਂ ਕੋਲੋਂ ਏਕੇ-47 ਬਰਾਮਦ ਕੀਤੀ ਗਈ ਸੀ, ਜੋ ਉਦੋਂ ਤੋਂ ਅੰਮ੍ਰਿਤਸਰ ਪੁਲੀਸ ਕੋਲ ਸੀ। ਪੰਜਾਬ ਪੁਲੀਸ ਨੇ ਏਕੇ-47 ਦੀ ਫੋਰੈਂਸਿਕ ਲੈਬ ਰਿਪੋਰਟ ਪੇਸ਼ ਕਰ ਦਿੱਤੀ ਹੈ, ਜਿਸ ਵਿੱਚ ਪੁਸ਼ਟੀ ਕੀਤੀ ਗਈ ਹੈ ਕਿ ਮੂਸੇਵਾਲਾ ਨੂੰ ਮਾਰਨ ਲਈ ਇਸ ਦੀ ਹੀ ਵਰਤੋਂ ਕੀਤੀ ਗਈ ਸੀ। ਇਸ ਤੋਂ ਇਲਾਵਾ ਜਿਸ ਮਹਿੰਦਰਾ ਥਾਰ ਵਿੱਚ ਮੂਸੇਵਾਲਾ ਸਫ਼ਰ ਕਰ ਰਿਹਾ ਸੀ, ਨੂੰ ਵੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਮਾਨਸਾ ਦੀ ਅਦਾਲਤ ਨੇ ਗੁਰਪ੍ਰੀਤ ਸਿੰਘ ਦੇ ਬਿਆਨ ਦਰਜ ਕਰ ਲਏ ਹਨ। ਐਡਵੋਕੇਟ ਰਘਵੀਰ ਸਿੰਘ ਬਹਿਣੀਵਾਲ (ਗੈਂਗਸਟਰ ਲਾਰੈਂਸ ਬਿਸ਼ਨੋਈ ਸਣੇ 19 ਮੁਲਜ਼ਮਾਂ ਦੇ ਬਚਾਅ ਪੱਖ ਦੇ ਵਕੀਲ) ਨੇ ਚਸ਼ਮਦੀਦ ਗਵਾਹ ਤੋਂ ਪੁੱਛਗਿੱਛ ਕੀਤੀ। ਹਾਲਾਂਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਵਕੀਲ ਪੇਸ਼ ਨਹੀਂ ਹੋਇਆ, ਜਿਸ ਤੋਂ ਬਾਅਦ ਮਾਮਲੇ ਦੀ ਸੁਣਵਾਈ 27 ਸਤੰਬਰ ਤੱਕ ਮੁਲਤਵੀ ਕਰ ਦਿੱਤੀ ਗਈ। ਮੂਸੇਵਾਲਾ ਦੇ ਪਿਤਾ ਦੇ ਵਕੀਲ ਐਡਵੋਕੇਟ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਗਵਾਹ ਨੇ ਅਦਾਲਤ ਵਿੱਚ ਹਥਿਆਰ ਅਤੇ ਵਾਹਨ ਦੀ ਪਛਾਣ ਕਰ ਲਈ ਹੈ। ਪਿਛਲੀ ਸੁਣਵਾਈ ਦੌਰਾਨ ਗੁਰਪ੍ਰੀਤ ਨੇ ਗਵਾਹ ਵਜੋਂ ਚਾਰ ਨਿਸ਼ਾਨੇਬਾਜ਼ਾਂ ਪ੍ਰਿਆਵਰਤ ਫੌਜੀ, ਅੰਕਿਤ ਸੇਰਸਾ, ਦੀਪਕ ਮੁੰਡੀ ਅਤੇ ਕਸ਼ਿਸ਼ ਉਰਫ਼ ਕੁਲਦੀਪ ਦੀ ਪਛਾਣ ਕੀਤੀ ਸੀ।



# ਨਸ਼ਾ ਤਸਕਰ ਡਰੱਗ ਇੰਸਪੈਕਟਰ ਗ੍ਰਿਫ਼ਤਾਰ, ਖ਼ਾਤਿਆਂ ਵਿੱਚ ਪਏ 7 ਕਰੋੜ ਰੁਪਏ ਜ਼ਬਤ

*** ਗ਼ੈਰ-ਕਾਨੂੰਨੀ ਢੰਗ ਨਾਲ ਬਣਾਈ ਸੰਪਤੀਆਂ ਦੀ ਵੀ ਕੀਤੀ ਪਛਾਣ * ਜੇਲ੍ਹ 'ਚ ਬੰਦ ਨਸ਼ਾ ਤਸਕਰਾਂ ਨਾਲ ਸਨ ਸਬੰਧ**

ਚੰਡੀਗੜ੍ਹ :ਪੰਜਾਬ ਪੁਲੀਸ ਨੇ ਨਸ਼ਾ ਤਸਕਰਾਂ ਦੀ ਮਦਦ ਕਰਨ ਵਾਲੇ ਡਰੱਗ ਇੰਸਪੈਕਟਰ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਬੈਂਕ ਖ਼ਾਤਿਆਂ 'ਚ ਪਏ 7 ਕਰੋੜ ਰੁਪਏ ਜ਼ਬਤ ਕੀਤੇ ਹਨ। ਇਸ ਤੋਂ ਇਲਾਵਾ ਵੱਡੀ ਮਾਤਰਾ 'ਚ ਸੋਨਾ ਅਤੇ ਵਿਦੇਸ਼ੀ ਕਰੰਸੀ ਵੀ ਬਰਾਮਦ ਕੀਤੀ ਗਈ ਹੈ। ਐਂਟੀ ਨਾਰਕੋਟਿਕਸ ਟਾਸਕ ਫੋਰਸ (ਏਐੱਨਟੀਐੱਫ) ਨੇ ਡਰੱਗ ਇੰਸਪੈਕਟਰ ਸ਼ੀਸ਼ਨ ਮਿੱਤਲ ਨੂੰ ਮੁਹਾਲੀ ਦੇ ਐਰੋਸਿਟੀ ਤੋਂ ਕਾਬੂ ਕੀਤਾ ਹੈ ਜਿਸ 'ਤੇ ਗ਼ੈਰ-ਕਾਨੂੰਨੀ ਦਵਾਈਆਂ, ਮੈਡੀਕਲ ਸਟੋਰਾਂ ਨਾਲ ਜੁੜੀਆਂ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਸਬੰਧੀ ਗਤੀਵਿਧੀਆਂ 'ਚ ਮਦਦ ਕਰਨ ਅਤੇ ਮਨੀ ਲਾਂਡਰਿੰਗ ਦੀ ਰਕਮ ਰਿਸ਼ਤੇਦਾਰਾਂ ਦੇ ਨਾਮ 'ਤੇ ਬੇਨਾਮੀ ਖ਼ਾਤਿਆਂ ਵਿੱਚ ਰੱਖਣ ਦੇ ਇਲਜ਼ਾਮ ਹਨ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਇੱਥੇ ਦੱਸਿਆ ਕਿ ਡਰੱਗ ਇੰਸਪੈਕਟਰ ਦੇ ਦੋ ਦਰਜਨ ਬੈਂਕ ਖ਼ਾਤੇ ਖੰਗਾਲੇ ਗਏ, ਜਿਨ੍ਹਾਂ 'ਚੋਂ 7.09 ਕਰੋੜ ਰੁਪਏ ਦੀ ਰਕਮ ਦਾ ਪਤਾ ਲੱਗਿਆ ਹੈ ਅਤੇ ਇਨ੍ਹਾਂ ਨੂੰ ਫਰੀਜ਼ ਕਰ ਦਿੱਤਾ ਗਿਆ ਹੈ। ਪੁਲੀਸ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਡਰੱਗ ਇੰਸਪੈਕਟਰ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਜਿਥੋਂ ਭਾਰੀ ਮਾਤਰਾ ਵਿਚ ਨਗਦੀ ਅਤੇ ਵਿਦੇਸ਼ੀ ਕਰੰਸੀ ਬਰਾਮਦ ਹੋਈ ਹੈ। ਮੁਲਜ਼ਮ ਦੇ ਦੋ ਬੈਂਕ ਲਾਕਰ ਵੀ ਜ਼ਬਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਡਰੱਗ ਇੰਸਪੈਕਟਰ ਜੇਲ੍ਹ 'ਚ ਬੰਦ ਨਸ਼ਾ ਤਸਕਰਾਂ ਦੇ ਸੰਪਰਕ ਵਿੱਚ ਸੀ ਅਤੇ ਬਾਹਰੋਂ ਉਨ੍ਹਾਂ ਦੇ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਚਲਾਉਣ ਵਿੱਚ ਸਹਾਇਤਾ ਕਰ ਰਿਹਾ ਸੀ। ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ ਉਹ ਸਰਕਾਰ ਤੋਂ ਇਜਾਜ਼ਤ ਲਏ ਜਾਂ ਐਕਸ-ਇੰਡੀਆ ਲੀਵ ਲਏ ਬਿਨਾਂ ਅਕਸਰ ਵਿਦੇਸ਼ਾਂ ਵਿੱਚ ਘੁੰਮਦਾ ਰਹਿੰਦਾ ਸੀ। ਸਪੈਸ਼ਲ ਡੀਜੀਪੀ ਕੁਲਦੀਪ ਸਿੰਘ ਨੇ ਦੱਸਿਆ ਕਿ ਏਐੱਨਟੀਐੱਫ ਨੇ ਮਿੱਤਲ ਕੋਲੋਂ 1.49 ਕਰੋੜ ਰੁਪਏ ਦੀ ਨਗਦੀ, 260 ਗ੍ਰਾਮ ਸੋਨਾ ਅਤੇ 515 ਦਿਰਹਾਮ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਗ਼ੈਰ-ਕਾਨੂੰਨੀ ਢੰਗ ਨਾਲ ਬਣਾਈਆਂ ਸੰਪਤੀਆਂ ਦੀ ਪਛਾਣ ਕੀਤੀ ਗਈ ਹੈ ਜਿਸ ਵਿੱਚ ਜ਼ੀਰਕਪੁਰ 'ਚ 2 ਕਰੋੜ ਰੁਪਏ ਦੇ ਮੁੱਲ ਦੇ ਫਲੈਟ, ਡੱਬਵਾਲੀ ਵਿੱਚ 40 ਲੱਖ ਰੁਪਏ ਦਾ ਪਲਾਟ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਦੱਸਣਯੋਗ ਹੈ ਕਿ ਮਿੱਤਲ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਨੂੰ ਹਾਲ ਹੀ ਵਿੱਚ ਸੈਸ਼ਨ ਅਦਾਲਤ ਵੱਲੋਂ ਰੱਦ ਕਰ ਦਿੱਤਾ ਗਿਆ ਸੀ, ਜਿਸ ਨਾਲ ਉਸ ਵਿਰੁੱਧ ਦੋਸ਼ਾਂ ਦੀ ਗੰਭੀਰਤਾ ਹੋਰ ਵਧੇਰੇ ਸਪੱਸ਼ਟ ਹੋ ਗਈ ਸੀ। ਇਸ ਸਬੰਧੀ ਐੱਫਆਈਆਰ ਨੰ. 121/2024 ਤਹਿਤ ਐੱਨਡੀਪੀਐੱਸ ਐਕਟ ਦੀ ਧਾਰਾ 29 ਅਤੇ 59 ਅਤੇ ਭਾਰਤੀ ਨਿਆ ਸੰਹਿਤਾ (ਬੀਐੱਨਐੱਸ) ਦੀ ਧਾਰਾ 111 ਅਧੀਨ ਪਹਿਲਾਂ ਹੀ ਮਾਮਲਾ ਦਰਜ ਕੀਤਾ ਜਾ ਚੁੱਕਾ ਹੈ।

# ਸਿੱਖ ਵਿਰੋਧੀ ਦੰਗੇ: ਦਿੱਲੀ ਦੀ ਅਦਾਲਤ ਵੱਲੋਂ ਟਾਈਟਲਰ ਖ਼ਿਲਾਫ਼ ਹੱਤਿਆ ਦੇ ਦੋਸ਼ ਤੈਅ

ਨਵੀਂ ਦਿੱਲੀ :ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇਕ ਮਾਮਲੇ ਵਿੱਚ ਅੱਜ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਹੱਤਿਆ ਤੇ ਹੋਰ ਅਪਰਾਧਾਂ ਵਿੱਚ ਦੋਸ਼ ਤੈਅ ਕੀਤੇ। ਟਾਈਟਲਰ ਨੇ ਗੁਨਾਹ ਕਬੂ ਨਹੀਂ ਕੀਤਾ ਜਿਸ ਮਗਰੋਂ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਉਸ ’ਤੇ ਮੁਕੱਦਮਾ ਚਲਾਉਣ ਦਾ ਨਿਰਦੇਸ਼ ਦਿੱਤਾ। ਜੱਜ ਨੇ 30 ਅਗਸਤ ਨੂੰ ਕਿਹਾ ਸੀ ਕਿ ਮੁਲਜ਼ਮ ਖ਼ਿਲਾਫ਼ ਕਾਰਵਾਈ ਅੱਗੇ ਵਧਾਉਣ ਦਾ ਢੁੱਕਵਾਂ ਆਧਾਰ ਹੈ। ਇਕ ਗਵਾਹ ਨੇ ਪਹਿਲਾਂ ਦੋਸ਼ ਪੱਤਰ ਵਿੱਚ ਕਿਹਾ ਸੀ ਕਿ ਟਾਈਟਲਰ ਪਹਿਲੀ ਨਵੰਬਰ 1984 ਨੂੰ ਇੱਥੇ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਸਫੈਦ ਅੰਬੈਸਡਰ ਕਾਰ ਤੋਂ ਬਾਹਰ ਨਿਕਲਿਆ ਸੀ ਅਤੇ ਉਸ ਨੇ ਇਹ ਕਹਿੰਦੇ ਹੋਏ ਭੀੜ ਨੂੰ ਭੜਕਾਇਆ ਸੀ ਕਿ ‘ਸਿੱਖਾਂ ਨੂੰ ਮਾਰੋ, ਉਨ੍ਹਾਂ ਨੇ ਸਾਡੀ ਮਾਂ ਨੂੰ ਮਾਰਿਆ ਹੈ’’ ਅਤੇ ਇਸ ਤੋਂ ਬਾਅਦ ਤਿੰਨ ਲੋਕਾਂ ਦੀ ਹੱਤਿਆ ਹੋ ਗਈ। ਅਦਾਲਤ ਨੇ ਗੈਰ-ਕਾਨੂੰਨੀ ਤਰੀਕੇ ਨਾਲ ਇਕੱਠੇ ਹੋਣ, ਦੰਗਾ ਭੜਕਾਉਣ, ਵੱਖ-ਵੱਖ ਸਮੂਹਾਂ ਵਿਚਾਲੇ ਦੁਸ਼ਮਣੀ ਨੂੰ ਹੱਲਾਸ਼ੇਰੀ ਦੇਣ, ਘਰਾਂ ਵਿੱਚ ਵੜ ਕੇ ਹਮਲਾ ਕਰਨ ਅਤੇ ਚੋਰੀ ਸਣੇ ਹੋਰ ਕਈ ਅਪਰਾਧਾਂ ਲਈ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ।

# ‘ਆਪ’ ਨੇ ਮਜੀਠੀਆ ਵਿਰੁੱਧ ਡਰੱਗਜ਼ ਮਾਮਲੇ ’ਚ ਈਡੀ ਦੇ ਦਾਖ਼ਲੇ ’ਤੇ ਚੁੱਕੇ ਸਵਾਲ

ਚੰਡੀਗੜ੍ਹ : ਆਮ ਆਦਮੀ ਪਾਰਟੀ ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਵਿਰੁੱਧ ਡਰੱਗਜ਼ ਮਾਮਲੇ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਐਂਟਰੀ ’ਤੇ ਸਵਾਲ ਖੜ੍ਹੇ ਕੀਤੇ ਹਨ। ਇਸ ਗੱਲ ਦਾ ਪ੍ਰਗਟਾਵਾ ‘ਆਪ’ ਪੰਜਾਬ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਚੰਡੀਗੜ੍ਹ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਈਡੀ ਰਾਹੀਂ ਜਾਂਚ ਮਜੀਠੀਆ ਨੂੰ ਕਲੀਨ ਚਿੱਟ ਦੇਣ ਲਈ ਹੈ, ਕਿਉਂਕਿ ਉਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਨਾਲ ਚੰਗੇ ਸਬੰਧ ਹਨ। ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਲਗਦਾ ਹੈ ਕਿ ਜੇ ਮਾਮਲਾ ਈਡੀ ਕੋਲ ਜਾਂਦਾ ਹੈ ਤਾਂ ਉਸ ਨੂੰ ਕਲੀਨ ਚਿੱਟ ਮਿਲ ਜਾਵੇਗੀ, ਕਿਉਂਕਿ ਈਡੀ ਕੇਂਦਰ ਸਰਕਾਰ ਦੇ ਅਧੀਨ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਮਜੀਠੀਆ ਨੂੰ ਬਹੁਤੀ ਰਾਹਤ ਨਹੀਂ ਮਿਲੇਗੀ। ਇਸ ਮਾਮਲੇ ਵਿੱਚ ਸੂਬਾ ਸਰਕਾਰ ਵੱਲੋਂ ਬਣਾਈ ਗਈ ਐੱਸਆਈਟੀ ਵੀ ਆਪਣੀ ਜਾਂਚ ਜਾਰੀ ਰੱਖੇਗੀ। ਇਸ ਮਾਮਲੇ ਵਿੱਚ ਸਾਰੇ ਦੋਸ਼ੀਆਂ ਨੂੰ ਸਜ਼ਾ ਹੋਵੇਗੀ। ਉਨ੍ਹਾਂ ਕਿਹਾ ਕਿ ਜਿਵੇਂ ਹੀ ਜਾਂਚ ਕਿਸੇ ਸਿਰੇ ’ਤੇ ਪਹੁੰਚੇਗੀ, ਚਲਾਨ ਪੇਸ਼ ਕੀਤਾ ਜਾਵੇਗਾ। ਐੱਸਆਈਟੀ ਪੂਰੀ ਆਜ਼ਾਦੀ ਨਾਲ ਜਾਂਚ ਕਰ ਰਹੀ ਹੈ ਅਤੇ ਉਹ ਦੋਸ਼ੀਆਂ ਨੂੰ ਸਖਤ ਸਜ਼ਾ ਦਿਵਾ ਕੇ ਰਹੇਗੀ।

# ਭਾਜਪਾ ਵੋਟਾਂ ਲਈ ਲੋਕਾਂ ’ਚ ਵੰਡੀਆਂ ਪਾ ਰਹੀ ਹੈ: ਵੜਿੰਗ

ਸ੍ਰੀ ਮੁਕਤਸਰ ਸਾਹਿਬ : ਸੂਬਾ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਾਰਤੀ ਜਨਤਾ ਪਾਰਟੀ ’ਤੇ ਤਿੱਖੇ ਨਿਸ਼ਾਨੇ ਸੇਧੇ ਹਨ। ਆਪਣੇ ਗ੍ਰਹਿ ਵਿਖੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਵੋਟਾਂ ਲਈ ਧਰਮ, ਜਾਤ ਅਤੇ ਫਿਰਕਿਆਂ ਦੇ ਨਾਂ ’ਤੇ ਆਮ ਲੋਕਾਂ ’ਚ ਵੰਡੀਆਂ ਪਾ ਰਹੀ ਹੈ, ਜਿਸ ਦਾ ਸਿੱਟਾ ਬਹੁਤ ਭਿਆਨਕ ਨਿਕਲੇਗਾ। ਉਨ੍ਹਾਂ ਕਿਹਾ ਕਿ ਬੀਤੀਆਂ ਲੋਕ ਸਭਾ ਚੋਣਾਂ ਤੇ ਇਸ ਤੋਂ ਪਹਿਲਾਂ ਦੀਆਂ ਚੋਣਾਂ ਭਾਜਪਾ ਨੇ ਸਿਰਫ ਤੇ ਸਿਰਫ ਫਿਰਕੂ ਪੱਤਾ ਖੇਡ ਕੇ ਜਿੱਤੀਆਂ ਹਨ, ਜਦੋਂ ਕਿ ਵਿਕਾਸ ਦੇ ਨਾਂ ’ਤੇ ਉਨ੍ਹਾਂ ਕੋਈ ਕੰਮ ਨਹੀਂ ਕੀਤਾ।

# ਡੇਰਾ ਸਿਰਸਾ ਦੀ ਬਰਾਂਚ ਖ਼ਿਲਾਫ਼ ਡਟੀਆਂ ਪੰਥਕ ਜਥੇਬੰਦੀਆਂ

ਮਾਨਸਾ : ਇਥੋਂ ਨੇੜਲੇ ਪਿੰਡ ਕੋਟੜਾ ਕਲਾਂ ਵਿਚ ਡੇਰਾ ਸੱਚਾ ਸੌਦਾ ਸਿਰਸਾ ਨਾਲ ਸਬੰਧਤ ਬਣ ਰਹੀ ਬਰਾਂਚ ਦਾ ਇਲਾਕੇ ਦੀਆਂ ਪੰਥਕ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ। ਉਨ੍ਹਾਂ ਅੱਜ ਮਾਨਸਾ ਦੇ ਐੱਸਐੱਸਪੀ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਨੂੰ ਮੰਗ ਪੱਤਰ ਦਿੰਦਿਆਂ ਇਸ ਦੀ ਉਸਾਰੀ ਰੋਕਣ ਲਈ ਕਿਹਾ ਹੈ। ਪੰਥਕ ਜਥੇਬੰਦੀਆਂ ਵੱਲੋਂ ਬਾਬਾ ਬਖਸ਼ੀਸ ਸਿੰਘ ਅਤੇ ਪੰਥਕ ਆਗੂ ਭਾਈ ਸੁਖਚੈਨ ਸਿੰਘ ਅਤਲਾ ਨੇ ਕਿਹਾ ਕਿ ਅਕਾਲ ਤਖ਼ਤ ਵੱਲੋਂ ਰੋਕ ਲਾਉਣ ਦੇ ਬਾਵਜੂਦ ਡੇਰਾ ਪੈਰੋਕਾਰ ਨਵਾਂ ਡੇਰਾ ਬਣਾ ਕੇ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਇਸ ਡੇਰੇ ਦੇ ਪ੍ਰਬੰਧਕਾਂ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

ਜੇ ਡੇਰੇ ਦਾ ਕੰਮ ਪ੍ਰਸ਼ਾਸਨ ਵੱਲੋਂ ਤੁਰੰਤ ਬੰਦ ਨਾ ਕਰਵਾਇਆ ਗਿਆ ਤਾਂ ਸਿੱਖ ਸੰਗਤ ਦੇ ਸਹਿਯੋਗ ਨਾਲ ਇਸ ਨੂੰ ਬੰਦ ਕਰਵਾਇਆ ਜਾਵੇਗਾ। ਪੰਥਕ ਜਥੇਬੰਦੀਆਂ ਵੱਲੋਂ ਪ੍ਰਸ਼ਾਸਨ ਨੂੰ ਇਸ ਮਾਮਲੇ ਨੂੰ ਲੈ ਕੇ 20 ਸਤੰਬਰ ਤੱਕ ਦਾ ਸਮਾਂ ਦਿੱਤਾ ਗਿਆ ਹੈ ਅਤੇ ਉਸੇ ਦਿਨ 10 ਵਜੇ ਗੁਰਦੁਆਰਾ ਸਿੰਘ ਸਭਾ ਮਾਨਸਾ ਵਿੱਚ ਇਸ ਮਾਮਲੇ ਨੂੰ ਲੈ ਕੇ ਵਿਸ਼ੇਸ ਮੀਟਿੰਗ ਸੱਦੀ ਗਈ ਹੈ। ਇਸ ਮੀਟਿੰਗ ਵਿਚ ਗ੍ਰੰਥੀ ਸਭਾਵਾਂ, ਸਤਿਕਾਰ ਕਮੇਟੀਆਂ, ਰਾਗੀ-ਢਾਡੀ ਅਤੇ ਕਵੀਸ਼ਰੀ ਪ੍ਰਚਾਰਕ ਸਭਾਵਾਂ ਸਣੇ ਪੰਥਕ ਜਥੇਬੰਦੀਆਂ ਨੂੰ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ ਹੈ।



# ਭਾਰਤ ਵੱਲੋਂ ਕੈਨੇਡਾ ਤੋਂ ਵੀਜ਼ਾ ਪ੍ਰੋਸੈਸਿੰਗ 'ਚ ਪਾਰਦਰਸ਼ਤਾ ਦੀ ਮੰਗ



ਨਵੀਂ ਦਿੱਲੀ- :ਭਾਰਤ ਨੇ ਕੈਨੇਡਾ 'ਚ ਵੀਜ਼ਾ ਹਾਸਲ ਕਰਨ 'ਚ ਭਾਰਤੀਆਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਸਖ਼ਤ ਨੋਟਿਸ ਲਿਆ ਹੈ। ਭਾਰਤ ਨੇ ਕੈਨੇਡਾ ਨੂੰ ਭਾਰਤੀਆਂ ਦੀ ਤਰਜੀਹ ਅਤੇ ਅਰਥਵਿਵਸਥਾ 'ਚ ਉਨ੍ਹਾਂ ਦੇ ਯੋਗਦਾਨ ਨੂੰ ਧਿਆਨ 'ਚ ਰੱਖਦੇ ਹੋਏ ਵੀਜ਼ਾ ਪ੍ਰਕਿਰਿਆ 'ਚ ਪਾਰਦਰਸ਼ਤਾ ਅਤੇ ਤੇਜ਼ੀ ਲਿਆਉਣ ਲਈ ਕਿਹਾ ਹੈ। ਰਿਪੋਰਟ ਮੁਤਾਬਕ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) 'ਚ ਕੈਨੇਡਾ ਦੀ 12ਵੀਂ ਵਪਾਰ ਨੀਤੀ ਸਮੀਖਿਆ ਚਰਚਾ ਦੌਰਾਨ ਭਾਰਤ ਨੇ ਇਹ ਮੁੱਦਾ ਉਠਾਇਆ ਹੈ। ਦੱਸਿਆ ਜਾ ਰਿਹਾ ਹੈ ਕਿ ਖਾਲਿਸਤਾਨੀ ਅੱਤਵਾਦੀ ਹਰਦੀਪ ਨਿੱਝਰ ਦੀ ਮੌਤ ਤੋਂ ਬਾਅਦ ਭਾਰਤ ਅਤੇ ਕੈਨੇਡਾ ਵਿਚਾਲੇ ਪੈਦਾ ਹੋਏ ਤਣਾਅ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਲੈਣ 'ਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਨੇ ਕੈਨੇਡਾ 'ਚ ਭਾਰਤੀਆਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ 'ਤੇ ਵੀ ਨਾਰਾਜ਼ਗੀ ਜ਼ਾਹਰ ਕੀਤੀ ਹੈ ਅਤੇ ਕਿਹਾ ਹੈ ਕਿ ਕੈਨੇਡਾ 'ਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ 'ਚ ਰਿਹਾਇਸ਼, ਧਮਕੀਆਂ ਦੀਆਂ ਘਟਨਾਵਾਂ ਅਤੇ ਸੁਰੱਖਿਆ ਆਦਿ ਸ਼ਾਮਲ ਹਨ। ਡਬਲਯੂ.ਟੀ.ਓ. 'ਚ ਭਾਰਤ ਨੇ ਕੈਨੇਡਾ ਵੱਲੋਂ ਕੱਪੜਿਆਂ, ਗਹਿਣਿਆਂ ਅਤੇ ਰਤਨਾਂ ਦੇ ਨਾਲ-ਨਾਲ ਚਮੜੇ ਅਤੇ ਜੁੱਤੀਆਂ 'ਤੇ ਲਗਾਈ ਹਾਈ ਡਿਊਟੀ 'ਤੇ ਵੀ ਚਿੰਤਾ ਪ੍ਰਗਟਾਈ ਹੈ। ਭਾਰਤ ਨੇ ਕੈਨੇਡਾ ਨੂੰ ਇਨ੍ਹਾਂ 'ਤੇ ਡਿਊਟੀ ਦਰਾਂ ਘਟਾਉਣ ਲਈ ਕਿਹਾ ਹੈ। ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੇ ਵਿਦੇਸ਼ਾਂ ਤੋਂ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ 'ਚ ਕਟੌਤੀ ਕਰਨ ਦਾ ਐਲਾਨ ਕੀਤਾ ਹੈ। ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਤੇਜ਼ੀ ਨਾਲ ਵੀਜ਼ਾ ਅਰਜ਼ੀਆਂ ਨੂੰ ਰੱਦ ਕਰ ਰਿਹਾ ਹੈ ਤੇ ਵਿਦੇਸ਼ੀ ਨਾਗਰਿਕਾਂ ਨੂੰ ਵਾਪਸ ਭੇਜ ਰਿਹਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਅਨੁਸਾਰ 2024 ਦੇ ਪਹਿਲੇ ਸੱਤ ਮਹੀਨਿਆਂ 'ਚ ਔਸਤਨ 3,700 ਵਿਦੇਸ਼ੀਆਂ ਨੂੰ ਵਾਪਸ ਭੇਜਿਆ ਗਿਆ ਹੈ।

# ਐਨ.ਸੀ.ਏ.ਪੀ. ਤਹਿਤ ਦੇਸ਼ ਦੇ 21 ਸ਼ਹਿਰਾਂ ਵੱਲੋਂ ਪ੍ਰਦੂਸ਼ਨ 'ਚ ਕਟੌਤੀ

ਨਵੀਂ ਦਿੱਲੀ - ਨੈਸ਼ਨਲ ਕਲੀਨ ਏਅਰ ਪ੍ਰੋਗਰਾਮ (ਐਨ.ਸੀ.ਏ.ਪੀ.) ਦੇ ਅਧੀਨ ਆਉਂਦੇ131 ਸ਼ਹਿਰਾਂ ਵਿੱਚੋਂ 95 ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ ਹੈ। ਕੇਂਦਰੀ ਪ੍ਰਦੂਸ਼ਨ ਕੰਟਰੋਲ ਬੋਰਡ (ਸੀ.ਪੀ. ਸੀ.ਬੀ.) ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 21 ਸ਼ਹਿਰਾਂ ਵਿੱਚ ਪੀ.ਐਮ. 10 ਪ੍ਰਦੂਸ਼ਨ 2017-18 ਦੇ ਪੱਧਰ ਦੇ ਮੁਕਾਬਲੇ 40 ਫ਼ੀਸਦੀ ਤੋਂ ਵੱਧ ਦੀ ਕਮੀ ਆਈ ਹੈ। ਸੀ.ਪੀ. ਸੀ.ਬੀ. ਨੇ ਇਹ ਵੀ ਕਿਹਾ ਕਿ ਐਨ.ਸੀ.ਏ.ਪੀ. ਦੇ ਤਹਿਤ 131 ਸ਼ਹਿਰਾਂ ਵਿੱਚੋਂ ਸਿਰਫ਼ 18 ਨੇ ਪੀ.ਐਮ. 10 ਲਈ ਨੈਸ਼ਨਲ ਐਂਬੀਐਂਟ ਏਅਰ ਕੁਆਲਿਟੀ ਸਟੈਂਡਰਡ (ਐਨ.ਏ.ਏ.ਕਿਊ.ਐਸ.) ਦੀ ਪਾਲਣਾ ਕੀਤੀ, ਜੋ 60 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਤੈਅ ਹੈ। ਜਿਹਨਾਂ 21 ਸ਼ਹਿਰਾਂ ਵਿਚ ਪੀ.ਐਮ. 10 ਪ੍ਰਦੂਸ਼ਨ ਵਿੱਚ 40 ਫ਼ੀਸਦੀ ਤੋਂ ਵੱਧ ਦੀ ਕਮੀ ਹਾਸਲ ਕੀਤੀ ਹੈ, ਉਹ ਸ਼ਹਿਰਾਂ ਵਿੱਚ ਵਾਰਾਣਸੀ, ਧਨਬਾਦ, ਬਰਨੀਹਾਟ, ਬਰੇਲੀ, ਫ਼ਿਰੋਜ਼ਾਬਾਦ, ਦੇਹਰਾਦੂਨ, ਤੂਤੀਕੋਰਿਨ, ਨਾਲਾਗੜ੍ਹ, ਮੁਰਾਦਾਬਾਦ, ਖੁਰਜਾ, ਤ੍ਰਿਚੀ, ਕੋਹਿਮਾ, ਲਖਨਊ, ਕਾਨਪੁਰ, ਕੁੱਡਾਪਾਹ, ਸ਼ਿਵਸਾਗਰ, ਸੁੰਦਰ ਨਗਰ, ਆਗਰਾ, ਗ੍ਰੇਟਰ ਮੁੰਬਈ, ਰਿਸ਼ੀਕੇਸ਼ ਅਤੇ ਪਰਵਾਨੂ ਸ਼ਾਮਲ ਹਨ। ਅੰਕੜਿਆਂ ਮੁਤਾਬਕ ਖੰਨਾ, ਦੁਰਗਾਪੁਰ, ਕੁਰਨੂਲ, ਡੇਰਾ ਬਾਬਾ ਨਾਨਕ, ਵਡੋਦਰਾ, ਇਲਾਹਾਬਾਦ, ਆਸਨਸੋਲ, ਹੈਦਰਾਬਾਦ, ਗੋਰਖਪੁਰ, ਰਾਂਚੀ, ਬੇਂਗਲੁਰੂ, ਅਕੋਲਾ, ਅਨੰਤਪੁਰ, ਦੁਰਗ ਭਿਲਾਈਨਗਰ, ਸੂਰਤ ਅਤੇ ਨੋਇਡਾ ਵਿਚ ਇਸ ਮਿਆਦ ਦੌਰਾਨ ਪੀਐੱਮ10 ਦਾ ਪੱਧਰ ਵਿਚ 20-30 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ ਹੈ।

ਜਦੋਂ ਕਿ 21 ਸ਼ਹਿਰਾਂ ਦਿੱਲੀ, ਹਾਵੜਾ, ਠਾਣੇ, ਲਾਤੂਰ, ਨੇਲੋਰ, ਗਜਰੌਲਾ, ਅਲਵਰ, ਚਿਤੂਰ, ਕਾਲਾ ਅੰਬ, ਮੰਡੀ ਗੋਬਿੰਦਗੜ੍ਹ, ਅਮਰਾਵਤੀ, ਪਟਿਆਲਾ, ਜੈਪੁਰ, ਓਂਗੋਲ, ਚੰਦਰਪੁਰ, ਨਾਸਿਕ, ਝਾਂਸੀ, ਸਾਂਗਲੀ, ਕੋਟਾ, ਦਾਵਾਂਗੇਰੇ ਅਤੇ ਰਾਜਮੁੰਦਰੀ ਵਿੱਚ ਪ੍ਰਧਾਨ ਮੰਤਰੀ 10 ਪ੍ਰਦੂਸ਼ਨ ਵਿੱਚ 10-20 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ। ਭਾਰਤ ਨੇ 2019 ਵਿੱਚ ਐਨ.ਸੀ.ਏ.ਪੀ. ਦੀ ਸ਼ੁਰੂਆਤ ਕੀਤੀ ਸੀ, ਜਿਸ ਦਾ ਉਦੇਸ਼ 2017 ਨੂੰ ਅਧਾਰ ਸਾਲ ਵਜੋਂ ਲੈਂਦੇ ਹੋਏ, 2024 ਤੱਕ ਅਤਿ-ਬਰੀਕ ਕਣ ਪੀ.ਐਮ. 10 ਪ੍ਰਦੂਸ਼ਨ ਨੂੰ 20-30 ਪ੍ਰਤੀਸ਼ਤ ਤੱਕ ਘਟਾਉਣਾ ਹੈ। ਬਾਅਦ ਵਿੱਚ 2019-20 ਨੂੰ ਅਧਾਰ ਸਾਲ ਮੰਨਦੇ ਹੋਏ 2026 ਤੱਕ 40 ਫ਼ੀਸਦੀ ਦੀ ਕਟੌਤੀ ਦੇ ਟੀਚੇ ਨੂੰ ਸੋਧਿਆ ਗਿਆ। ਅਭਿਆਸ ਵਿੱਚ, ਪ੍ਰਦਰਸ਼ਨ ਦੇ ਮੁਲਾਂਕਣ ਲਈ ਸਿਰਫ ਪੀ.ਐਮ. 10 ਪ੍ਰਦੂਸ਼ਨ ਨੂੰ ਮੰਨਿਆ ਜਾ ਰਿਹਾ ਹੈ। ਸ਼ਨੀਵਾਰ ਨੂੰ ਸੂਰਤ ਨੂੰ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਲਈ ਭਾਰਤ ਵਿੱਚ ਚੋਟੀ ਦੇ ਪ੍ਰਮੁੱਖ ਸ਼ਹਿਰ ਵਜੋਂ ਦਰਜਾ ਦਿੱਤਾ ਗਿਆ, ਇਸ ਤੋਂ ਬਾਅਦ ਜਬਲਪੁਰ ਅਤੇ ਆਗਰਾ ਦਾ ਸਥਾਨ ਹੈ। ਕੇਂਦਰੀ ਵਾਤਾਵਰਣ ਮੰਤਰਾਲੇ ਨੇ ਜੈਪੁਰ ਵਿੱਚ 'ਸਾਫ਼ ਬਲੂ ਸਕਾਈਜ਼ ਲਈ ਸਾਫ਼ ਹਵਾ ਦੇ ਅੰਤਰਰਾਸ਼ਟਰੀ ਦਿਵਸ' ਦੇ ਮੌਕੇ 'ਤੇ ਆਯੋਜਿਤ ਰਾਸ਼ਟਰੀ ਵਰਕਸ਼ਾਪ ਵਿੱਚ ਪੁਰਸਕਾਰ ਪ੍ਰਦਾਨ ਕੀਤੇ। ਸੂਰਤ, ਜਬਲਪੁਰ ਅਤੇ ਆਗਰਾ ਨੇ 10 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਵਿੱਚ ਚੋਟੀ ਦੇ ਤਿੰਨ ਸਥਾਨ ਹਾਸਲ ਕੀਤੇ, ਜਦੋਂ ਕਿ ਫ਼ਿਰੋਜ਼ਾਬਾਦ (ਉੱਤਰ ਪ੍ਰਦੇਸ਼), ਅਮਰਾਵਤੀ (ਮਹਾਰਾਸ਼ਟਰ) ਅਤੇ ਝਾਂਸੀ (ਉੱਤਰ ਪ੍ਰਦੇਸ਼) ਤਿੰਨ ਤੋਂ 10 ਲੱਖ ਦੀ ਆਬਾਦੀ ਵਾਲੇ ਸ਼ਹਿਰਾਂ ਵਿੱਚ ਸਿਖਰਲੇ ਸਥਾਨਾਂ 'ਤੇ ਰਹੇ। ਤਿੰਨ ਲੱਖ ਤੋਂ ਘੱਟ ਆਬਾਦੀ ਵਾਲੇ ਸ਼ਹਿਰਾਂ ਵਿੱਚ ਰਾਏਬਰੇਲੀ (ਉੱਤਰ ਪ੍ਰਦੇਸ਼), ਨਾਲਗੋਂਡਾ (ਤੇਲੰਗਾਨਾ) ਅਤੇ ਨਾਲਾਗੜ੍ਹ (ਹਿਮਾਚਲ ਪ੍ਰਦੇਸ਼) ਸਭ ਤੋਂ ਉੱਪਰ ਹਨ। ਸਵੱਛ ਹਵਾ ਸਰਵੇਖਣ ਵਾਤਾਵਰਣ ਮੰਤਰਾਲੇ ਦੀ ਇੱਕ ਪਹਿਲਕਦਮੀ ਹੈ, ਜਿਸ ਦੇ ਤਹਿਤ ਸ਼ਹਿਰਾਂ ਨੂੰ ਸਿਟੀ ਐਕਸ਼ਨ ਪਲਾਨ ਦੇ ਤਹਿਤ ਪ੍ਰਵਾਨਿਤ ਗਤੀਵਿਧੀਆਂ ਨੂੰ ਲਾਗੂ ਕਰਨ ਅਤੇ ਐਨ.ਸੀ.ਏ.ਪੀ. ਦੇ ਅਧੀਨ ਆਉਂਦੇਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਦੇ ਆਧਾਰ 'ਤੇ ਦਰਜਾ ਦਿੱਤਾ ਜਾਂਦਾ ਹੈ।

# ਏਸ਼ੀਆਈ ਓਲੰਪਿਕ ਕੌਂਸਲ ਦੇ ਪ੍ਰਧਾਨ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਬਣੇ ਰਣਧੀਰ ਸਿੰਘ

ਨਵੀਂ ਦਿੱਲੀ- ਤਜਰਬੇਕਾਰ ਖੇਡ ਪ੍ਰਸ਼ਾਸਕ ਰਣਧੀਰ ਸਿੰਘ ਓਲੰਪਿਕ ਕੌਂਸਲ ਆਫ ਏਸ਼ੀਆ (ਓਸੀਏ) ਦੇ ਪ੍ਰਧਾਨ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਬਣ ਗਏ ਹਨ। ਅੱਜ ਇੱਥੇ ਇਸ ਮਹਾਂਦੀਪੀ ਸੰਗਠਨ ਦੀ 44ਵੀਂ ਮਹਾਸਭਾ ਦੌਰਾਨ ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ ਗਈ। ਪੰਜ ਵਾਰ ਦੇ ਓਲੰਪਿਕ ਨਿਸ਼ਾਨੇਬਾਜ਼ ਰਣਧੀਰ ਹੀ ਓਸੀਏ ਦੇ ਪ੍ਰਧਾਨ ਦੇ ਅਹੁਦੇ ਲਈ ਇਕੱਲੇ ਯੋਗ ਉਮੀਦਵਾਰ ਸਨ। ਰਣਧੀਰ ਸਿੰਘ (77) 2021 ਤੋਂ ਓਸੀਏ ਦੇ ਕਾਰਜਕਾਰੀ ਪ੍ਰਧਾਨ ਸਨ। ਉਹ ਕੁਵੈਤ ਦੇ ਸ਼ੇਖ ਅਹਿਮਦ ਅਲ-ਫਹਾਦ ਅਲ-ਸਬਾਹ ਦੀ ਥਾਂ ਲੈਣਗੇ, ਜਿਸ 'ਤੇ ਇਸ ਸਾਲ ਮਈ ਮਹੀਨੇ ਨੈਤਿਕਤਾ ਦੀ ਉਲੰਘਣਾ ਕਾਰਨ ਖੇਡ ਪ੍ਰਸ਼ਾਸਨ ਤੋਂ 15 ਸਾਲ ਦੀ ਪਾਬੰਦੀ ਲਾਈ ਗਈ ਸੀ। ਭਾਰਤੀ ਅਤੇ ਏਸ਼ੀਆਈ ਖੇਡ ਸੰਸਥਾਵਾਂ ਵਿੱਚ ਵੱਖ-ਵੱਖ ਪ੍ਰਸ਼ਾਸਕੀ ਅਹੁਦਿਆਂ ਉੱਤੇ ਰਹਿ ਚੁੱਕੇ ਰਣਧੀਰ ਨੂੰ ਕੇਂਦਰੀ ਖੇਡ ਮੰਤਰੀ ਮਨਸੁਖ ਮਾਂਡਵੀਆ ਅਤੇ ਏਸ਼ੀਆ ਦੇ ਸਾਰੇ 45 ਦੇਸ਼ਾਂ ਦੇ




ਉੱਚ ਖੇਡ ਪ੍ਰਸ਼ਾਸਕਾਂ ਦੀ ਮੌਜੂਦਗੀ ਵਿੱਚ ਅਧਿਕਾਰਤ ਤੌਰ 'ਤੇ ਓਸੀਏ ਦਾ ਪ੍ਰਧਾਨ ਚੁਣਿਆ ਗਿਆ।

# 'ਆਪ' ਤੇ ਕਾਂਗਰਸ 'ਚ ਨਹੀਂ ਹੋਇਆ ਗਠਜੋੜ

ਨਵੀਂ ਦਿੱਲੀ- ਹਰਿਆਣਾ ਵਿਚ ਆਮ ਆਦਮੀ ਪਾਰਟੀ ਇਕੱਲੇ ਹੀ ਵਿਧਾਨ ਸਭਾ ਚੋਣਾਂ ਲੜੇਗੀ। 'ਆਪ' ਵੱਲੋਂ 20 ਉਮੀਦਵਾਰਾਂ ਦੀ ਸੂਚੀ ਜਾਰੀ ਕਰਨ ਤੋਂ ਸਪਸ਼ਟ ਹੋ ਗਿਆ ਹੈ ਕਿ ਉਹ ਕਾਂਗਰਸ ਨਾਲ ਗਠਜੋੜ ਨਹੀਂ ਕਰੇਗੀ। ਇਸ ਤੋਂ ਪਹਿਲਾਂ ਹਰਿਆਣਾ ਦੇ ਆਪ ਦੇ ਆਗੂ ਸੁਸ਼ੀਲ ਗੁਪਤਾ ਨੇ ਕਿਹਾ ਸੀ ਕਿ ਜੇ ਅੱਜ ਵੀ ਦੋਵਾਂ ਪਾਰਟੀਆਂ ਦਰਮਿਆਨ ਗਲ ਸਿਰੇ ਨਹੀਂ ਚੜ੍ਹਦੀ ਤਾਂ 'ਆਪ' 90 ਵਿਧਾਨ ਸਭਾ ਹਲਕਿਆਂ 'ਤੇ ਆਪਣੇ ਉਮੀਦਵਾਰ ਐਲਾਨ ਦੇਵੇਗੀ। ਦੋਵਾਂ ਪਾਰਟੀਆਂ ਵਿਚ ਗਠਜੋੜ ਸਿਰੇ ਨਾ ਚੜ੍ਹਨ ਦਾ ਕਾਰਨ ਸੀਟਾਂ ਦੀ ਵੰਡ ਹੈ। ਆਪ ਕਾਂਗਰਸ ਤੋਂ ਦਸ ਸੀਟਾਂ ਮੰਗ ਰਹੀ ਸੀ। ਦੂਜੇ ਪਾਸੇ ਕਾਂਗਰਸ ਸਿਰਫ ਪੰਜ ਸੀਟਾਂ ਦੇਣ 'ਤੇ ਅੜੀ ਹੋਈ ਸੀ। ਆਮ ਆਦਮੀ ਪਾਰਟੀ (ਆਪ) ਨੇ ਕਾਂਗਰਸ ਨਾਲ ਗਠਜੋੜਦੀ ਗੱਲਬਾਤ ਖਤਮ ਹੋਣ ਦਾ ਸੰਕੇਤ ਦਿੰਦਿਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਆਪਣੇ 20 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਸੂਚੀ ਵਿੱਚ ਕੈਥਲ ਜ਼ਿਲ੍ਹੇ ਦੇ ਕਲਾਇਤ ਤੋਂ ਚੋਣ ਲੜਨ ਵਾਲੇ ਅਨੁਰਾਗ ਢਾਂਡਾ ਸ਼ਾਮਲ ਹਨ। ਇਸ ਤੋਂ ਇਲਾਵਾ ਕੁਲਦੀਪ ਗਦਰਾਣਾ ਨੂੰ ਵੀ ਟਿਕਟ ਦਿੱਤੀ ਗਈ ਹੈ ਜੋ ਡੱਬਵਾਲੀ ਤੋਂ ਜਨ ਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਦਿਗਵਿਜੈ ਚੌਟਾਲਾ, ਕਾਂਗਰਸ ਦੇ ਅਮਿਤ ਸਿਹਾਗ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਦੇ ਆਦਿੱਤਿਆ ਦੇਵੀ ਲਾਲ ਨਾਲ ਮੁਕਾਬਲਾ ਕਰਨਗੇ।




# ਪਾਣੀ ਦੀ ਸੰਭਾਲ ਸਿਰਫ਼ ਇੱਕ ਨੀਤੀ ਨਹੀਂ ਹੈ, ਸਗੋਂ ਇੱਕ ਗੁਣ ਵੀ ਹੈ: ਮੋਦੀ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੂਰਤ ਵਿੱਚ ਸ਼ੁੱਕਰਵਾਰ ਨੂੰ 'ਜਲ ਸਿੰਚਾਈ ਜਨ ਭਾਗੀਦਾਰੀ ਪਹਿਲਕਦਮੀ' ਦੀ ਸ਼ੁਰੂਆਤ ਕੀਤੀ ਅਤੇ ਕਿਹਾ ਕਿ ਪਾਣੀ ਦੀ ਸੰਭਾਲ ਸਿਰਫ ਨੀਤੀਆਂ ਦਾ ਨਹੀਂ ਸਗੋਂ ਸਮਾਜਿਕ ਵਫ਼ਾਦਾਰੀ ਦਾ ਵਿਸ਼ਾ ਹੈ। ਭਾਵ ਜਾਗਰੂਕਤਾ ਜਨ ਭਾਗੀਦਾਰੀ ਅਤੇ ਜਨ ਅੰਦੋਲਨ ਦੀ ਵੀ ਸਭ ਤੋਂ ਵੱਡੀ ਤਾਕਤ ਹੈ। ਇੱਥੇ ਵੀਡੀਓ ਕਾਨਫਰੰਸ ਰਾਹੀਂ ਆਯੋਜਿਤ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਇਹ ਵੀ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਅਚਾਨਕ ਮੀਂਹ ਦਾ ਜੋ 'ਤਾਂਡਵ' ਹੋਇਆ ਉਸ ਨਾਲ ਦੇਸ਼ ਦਾ ਸ਼ਾਇਦ ਹੀ ਕੋਈ ਅਜਿਹਾ ਇਲਾਕਾ ਹੋਵੇਗਾ ਜਿਸ ਨੂੰ ਸੰਕਟ ਦਾ ਸਾਹਮਣਾ ਨਾ ਕਰਨਾ ਪਿਆ ਹੋਵੇ। ਉਨ੍ਹਾਂ ਨੇ ਕਿਹਾ, "ਇਸ ਵਾਰ ਗੁਜਰਾਤ 'ਤੇ ਵੱਡਾ ਸੰਕਟ ਆਇਆ ਹੈ। ਕੁਦਰਤ ਦੇ ਇਸ ਕਹਿਰ ਨੂੰ ਝੱਲਣ ਲਈ ਸਾਰੇ ਪ੍ਰਬੰਧ ਇੰਨੇ ਮਜ਼ਬੂਤ ਨਹੀਂ ਸਨ। ਪਰ ਗੁਜਰਾਤ ਦੇ ਲੋਕਾਂ ਅਤੇ ਦੇਸ਼ ਵਾਸੀਆਂ ਦਾ ਸੁਭਾਅ ਇੱਕ ਹੀ ਹੈ ਕਿ ਸੰਕਟ ਦੀ ਘੜੀ ਵਿੱਚ ਹਰ ਕੋਈ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੁੰਦਾ ਹੈ ਅਤੇ ਹਰ ਕਿਸੇ ਦੀ ਮਦਦ ਕਰਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਾਣੀ ਦੀ ਸੰਭਾਲ ਸਿਰਫ਼ ਇੱਕ ਨੀਤੀ ਨਹੀਂ ਹੈ, ਸਗੋਂ ਇੱਕ ਗੁਣ ਵੀ ਹੈ ਜਿਸ ਵਿੱਚ ਉਦਾਰਤਾ ਅਤੇ ਜ਼ਿੰਮੇਵਾਰੀ ਦੋਵੇਂ ਸ਼ਾਮਲ ਹਨ। ਉਨ੍ਹਾਂ ਨੇ ਕਿਹਾ, 'ਜਦੋਂ ਆਉਣ ਵਾਲੀਆਂ ਪੀੜ੍ਹੀਆਂ ਸਾਡਾ ਨਿਰਣਾ ਕਰਨਗੀਆਂ, ਤਾਂ ਪਾਣੀ ਪ੍ਰਤੀ ਸਾਡਾ ਰਵੱਈਆ ਸ਼ਾਇਦ ਉਨ੍ਹਾਂ ਦਾ ਪਹਿਲਾ ਮਾਪਦੰਡ ਹੋਵੇਗਾ' ਉਨ੍ਹਾਂ ਨੇ ਕਿਹਾ, ਪਾਣੀ ਦੀ ਸੰਭਾਲ, ਕੁਦਰਤ ਦੀ ਸੰਭਾਲ ਇਹ ਸਾਡੇ ਲਈ ਨਵੇਂ ਸ਼ਬਦ ਨਹੀਂ ਹਨ। ਇਹ ਇੱਕ ਅਜਿਹਾ ਕੰਮ ਹੈ ਜੋ ਹਾਲਾਤਾਂ ਕਾਰਨ ਸਾਡੇ ਹਿੱਸੇ ਆਇਆ ਕੰਮ ਹੈ। ਇਹ ਭਾਰਤ ਦੀ ਸੱਭਿਆਚਾਰਕ ਚੇਤਨਾ ਦਾ ਹਿੱਸਾ ਹੈ। ਪਾਣੀ ਦੀ ਸੰਭਾਲ ਸਿਰਫ਼ ਨੀਤੀਆਂ ਦਾ ਹੀ ਨਹੀਂ ਸਗੋਂ ਸਮਾਜਿਕ ਵਫ਼ਾਦਾਰੀ ਦਾ ਵੀ ਮਾਮਲਾ ਹੈ।



ਜਾਗਰੂਕ ਜਨ-ਮਨ, ਜਨ ਭਾਗੀਦਾਰੀ ਅਤੇ ਲੋਕ ਲਹਿਰ ਇਹ ਇਸ ਮੁਹਿੰਮ ਦੀ ਸਭ ਤੋਂ ਵੱਡੀ ਤਾਕਤ ਹਨ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਭਾਰਤ ਕੋਲ ਸਿਰਫ਼ ਚਾਰ ਫ਼ੀਸਦੀ ਸਾਫ਼ ਪਾਣੀ ਦੇ ਸਰੋਤ ਹਨ ਅਤੇ ਦੇਸ਼ ਦੇ ਕਈ ਹਿੱਸੇ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ। 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਦਾ ਜ਼ਿਕਰ ਕਰਦੇ ਹੋਏ ਮੋਦੀ ਨੇ ਕਿਹਾ ਕਿ ਜਦੋਂ ਰੁੱਖ ਲਗਾਏ ਜਾਂਦੇ ਹਨ ਤਾਂ ਜ਼ਮੀਨ 'ਚ ਪਾਣੀ ਦਾ ਪੱਧਰ ਤੇਜ਼ੀ ਨਾਲ ਵਧਦਾ ਹੈ। ਉਨ੍ਹਾਂ ਕਿਹਾ,"ਪਿਛਲੇ ਕੁਝ ਹਫਤਿਆਂ 'ਚ ਦੇਸ਼ 'ਚ ਮਾਂ ਦੇ ਨਾਂ 'ਤੇ ਕਰੋੜਾਂ ਰੁੱਖ ਲਗਾਏ ਗਏ ਹਨ। ਅਜਿਹੀਆਂ ਕਈ ਮੁਹਿੰਮਾਂ ਅਤੇ ਸੰਕਲਪ ਹਨ ਜੋ ਅੱਜ 140 ਕਰੋੜ ਦੇਸ਼ਵਾਸੀਆਂ ਦੀ ਸ਼ਮੂਲੀਅਤ ਨਾਲ ਲੋਕ ਲਹਿਰ ਬਣ ਰਹੇ ਹਨ।

# ਦੇਸ਼ 'ਚ ਮੰਕੀਪਾਕਸ ਦੇ ਸ਼ੱਕੀ ਮਾਮਲੇ ਦੀ ਜਾਂਚ ਜਾਰੀ: ਸਿਹਤ ਮੰਤਰਾਲਾ

ਨਵੀਂ ਦਿੱਲੀ- ਦੇਸ਼ ਵਿਚ ਮੰਕੀਪਾਕਸ ਦਾ ਸ਼ੱਕੀ ਮਾਮਲਾ ਸਾਹਮਣੇ ਆਇਆ ਹੈ। ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਮਰੀਜ਼ ਨੂੰ ਆਈਸੋਲੇਸ਼ਨ ਵਿਚ ਰੱਖਿਆ ਗਿਆ ਹੈ। ਚਿੰਤਾ ਕਰਨ ਦੀ ਕੋਈ ਗੱਲ ਨਹੀਂ ਹੈ। ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਮੰਕੀਪਾਕਸ ਦੇ ਸ਼ੱਕੀ ਮਾਮਲੇ ਵਿਚ ਜਾਂਚ ਚੱਲ ਰਹੀ ਹੈ। ਇੱਕ ਨੌਜਵਾਨ ਮਰਦ ਮਰੀਜ਼ ਨੇ ਹਾਲ ਹੀ ਵਿੱਚ ਮੰਕੀਪਾਕਸ ਦੀ ਲਾਗ ਵਾਲੇ ਦੇਸ਼ ਤੋਂ ਯਾਤਰਾ ਕੀਤੀ ਸੀ। ਉਸ ਨੂੰ ਐਮਪੌਕਸ ਦਾ ਸ਼ੱਕੀ ਕੇਸ ਮੰਨਿਆ ਗਿਆ ਹੈ। ਮਰੀਜ਼ ਨੂੰ ਇੱਕ ਤੈਅ ਹਸਪਤਾਲ ਵਿੱਚ ਅਲੱਗ ਰੱਖਿਆ ਗਿਆ ਹੈ। ਫਿਲਹਾਲ ਉਸਦੀ ਹਾਲਤ ਸਥਿਰ ਹੈ। ਐੱਮ.ਪੀ.ਓ.ਐਕਸ. ਦੀ ਮੌਜੂਦਗੀ ਦੀ ਪੁਸ਼ਟੀ ਕਰਨ ਲਈ ਮਰੀਜ਼ਾਂ ਦੇ ਨਮੂਨਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਕੇਸ ਦਾ ਪ੍ਰਬੰਧਨ ਸਥਾਪਿਤ ਪ੍ਰੋਟੋਕੋਲ ਦੇ ਅਨੁਸਾਰ ਕੀਤਾ ਜਾ ਰਿਹਾ ਹੈ ਅਤੇ ਸੰਭਾਵੀ ਸਰੋਤਾਂ ਦੀ ਪਛਾਣ ਕਰਨ ਅਤੇ ਦੇਸ਼ ਦੇ ਅੰਦਰ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਸੰਪਰਕ ਟਰੇਸਿੰਗ ਜਾਰੀ ਹੈ। ਇਸ ਕੇਸ ਦੀ ਸਥਿਤੀ ਐਨ.ਸੀ.ਡੀ.ਸੀ. ਦੁਆਰਾ ਪਹਿਲਾਂ ਕੀਤੇ ਗਏ ਜੋਖਮ ਮੁਲਾਂਕਣ ਦੇ ਅਨੁਸਾਰ ਹੈ ਅਤੇ ਕਿਸੇ ਵੀ ਅਣਉਚਿਤ ਚਿੰਤਾ ਦਾ ਕੋਈ ਕਾਰਨ ਨਹੀਂ ਹੈ। ਦੇਸ਼ ਅਜਿਹੀਆਂ ਵਿਅਕਤੀਗਤ ਯਾਤਰਾਵਾਂ ਨਾਲ ਜੁੜੇ ਮਾਮਲਿਆਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਕਿਸੇ ਵੀ ਸੰਭਾਵੀ ਖਤਰੇ ਨੂੰ ਪ੍ਰਬੰਧਨ ਅਤੇ ਘੱਟ ਕਰਨ ਲਈ ਸਖ਼ਤ ਉਪਾਅ ਕੀਤੇ ਗਏ ਹਨ।



# ਆਰ.ਜੇ.ਡੀ. ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਸੂਬਾ ਸਰਕਾਰ ਅਤੇ ਕੇਂਦਰ ਨੂੰ ਜਾਰੀ ਕੀਤਾ ਨੋਟਿਸ

ਨਵੀਂ ਦਿੱਲੀ – ਸੁਪਰੀਮ ਕੋਰਟ ਨੇ ਬਿਹਾਰ 'ਚ ਸੋਧੇ ਹੋਏ ਰਾਖਵਾਂਕਰਨ ਕਾਨੂੰਨ ਨੂੰ ਰੱਦ ਕਰਨ ਦੇ ਪਟਨਾ ਹਾਈ ਕੋਰਟ ਦੇ ਫੈਸਲੇ ਵਿਰੁੱਧ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਵਲੋਂ ਦਾਇਰ ਪਟੀਸ਼ਨ 'ਤੇ ਸ਼ੁੱਕਰਵਾਰ ਨੂੰ ਕੇਂਦਰ ਅਤੇ ਸੂਬਾ ਸਰਕਾਰ ਤੋਂ ਜਵਾਬ ਮੰਗਿਆ। ਇਸ ਐਕਟ 'ਚ ਦਲਿਤਾਂ, ਆਦਿਵਾਸੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਰਾਖਵਾਂਕਰਨ ਦੀ ਸੀਮਾ 50 ਫ਼ੀਸਦੀ ਤੋਂ ਵਧਾ ਕੇ 65 ਫ਼ੀ ਸਦੀ ਕਰਨ ਦਾ ਪ੍ਰਬੰਧ ਸੀ।ਚੀਫ ਜਸਟਿਸ ਡੀ.ਵਾਈ. ਚੰਦਰਚੂੜ, ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਆਰ.ਜੇ.ਡੀ. ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਪੀ. ਵਿਲਸਨ ਦੀ ਇਸ ਦਲੀਲ ਦਾ ਨੋਟਿਸ ਲਿਆ ਕਿ ਪਟੀਸ਼ਨ 'ਤੇ ਫੈਸਲਾ ਲੈਣ ਦੀ ਲੋੜ ਹੈ। ਚੀਫ਼ ਜਸਟਿਸ ਨੇ ਕਿਹਾ, "ਨੋਟਿਸ ਜਾਰੀ ਕਰੋ ਅਤੇ ਇਸ ਨੂੰ ਲਟਕਦੀਆਂ ਪਟੀਸ਼ਨਾਂ ਨਾਲ ਜੋੜੋ।" ਸੁਪਰੀਮ ਕੋਰਟ ਨੇ 29 ਜੁਲਾਈ ਨੂੰ ਅਜਿਹੀਆਂ 10 ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਬਿਹਾਰ ਹਾਈ ਕੋਰਟ ਦੇ ਸੋਧੇ ਹੋਏ ਰਾਖਵਾਂਕਰਨ ਕਾਨੂੰਨ ਨੂੰ ਰੱਦ ਕਰਨ ਦੇ ਹੁਕਮ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿਤਾ ਸੀ। ਇਸ ਕਾਨੂੰਨ ਕਾਰਨ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਸੂਬਾ ਸਰਕਾਰ ਰਾਖਵਾਂਕਰਨ ਦੀ ਸੀਮਾ 50 ਫੀ ਸਦੀ ਤੋਂ ਵਧਾ ਕੇ 65 ਫੀ ਸਦੀ ਕਰਨ 'ਚ ਸਫਲ ਰਹੀ। ਹਾਲਾਂਕਿ ਬੈਂਚ ਨੇ ਇਸ ਫੈਸਲੇ ਵਿਰੁਧ ਬਿਹਾਰ ਸਰਕਾਰ ਵਲੋਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਕਰਨ 'ਤੇ ਸਹਿਮਤੀ ਪ੍ਰਗਟਾਈ। ਸੂਬਾ ਸਰਕਾਰ ਨੇ ਹਾਈ ਕੋਰਟ ਦੇ ਫੈਸਲੇ ਵਿਰੁਧ ਸੁਪਰੀਮ ਕੋਰਟ ਦਾ ਵੀ ਦਰਵਾਜ਼ਾ ਖੜਕਾਇਆ ਹੈ।

# ਭਾਜਪਾ ਵੱਲੋਂ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਮੈਨੀਫ਼ੈਸਟੋ ਜਾਰੀ

ਸ੍ਰੀਨਗਰ – ਜੰਮੂ-ਕਸ਼ਮੀਰ 'ਚ 10 ਸਾਲ ਬਾਅਦ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਗਿਆ ਹੈ। ਧਾਰਾ 370 ਹਟਾਏ ਜਾਣ ਅਤੇ ਜੰਮੂ-ਕਸ਼ਮੀਰ ਦੀ ਸਥਿਤੀ 'ਚ ਬਦਲਾਅ ਤੋਂ ਬਾਅਦ ਇਹ ਪਹਿਲੀ ਵਿਧਾਨ ਸਭਾ ਚੋਣ ਹੋਵੇਗੀ। ਅਜਿਹੇ 'ਚ ਸਾਰੀਆਂ ਸਿਆਸੀ ਪਾਰਟੀਆਂ ਸਰਗਰਮ ਹੋ ਗਈਆਂ ਹਨ। ਭਾਜਪਾ ਨੇ ਵੀ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਭਾਜਪਾ ਨੇ ਸ਼ੁੱਕਰਵਾਰ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ 'ਚ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ। ਚੋਣ ਮੈਨੀਫੈਸਟੋ ਵਿੱਚ ਭਾਜਪਾ ਨੇ ਜੰਮੂ-ਕਸ਼ਮੀਰ ਦੇ ਲੋਕਾਂ ਨਾਲ ਕਈ ਵਾਅਦੇ ਕੀਤੇ ਹਨ। ਪੀਰ ਪੰਜਾਲ ਨੂੰ ਸੈਰ-ਸਪਾਟਾ ਕੇਂਦਰ ਬਣਾਉਣ ਦੇ ਨਾਲ-ਨਾਲ ਜੰਮੂ ਨੂੰ ਪਹਿਲਗਾਮ ਦੀ ਤਰਜ਼ 'ਤੇ ਵਿਕਸਤ ਕਰਨ ਅਤੇ ਇਸ ਨੂੰ ਸੈਰ-ਸਪਾਟਾ ਸ਼ਹਿਰ ਬਣਾਉਣ ਦਾ ਵਾਅਦਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਔਰਤਾਂ ਅਤੇ ਨੌਜਵਾਨਾਂ ਲਈ ਵੀ ਵਿਸ਼ੇਸ਼ ਐਲਾਨ ਕੀਤੇ ਗਏ ਹਨ। ਭਾਜਪਾ ਦਾ ਚੋਣ ਮਨੋਰਥ ਪੱਤਰ ਜਾਰੀ ਕਰਦੇ ਹੋਏ ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਭਾਜਪਾ ਦੀ ਸਰਕਾਰ ਬਣੀ ਤਾਂ ਅੱਤਵਾਦ ਨੂੰ ਵਧਾਉਣ 'ਚ ਮਦਦ ਕਰਨ ਵਾਲਿਆਂ ਖਿਲਾਫ ਵਾਈਟ ਪੇਪਰ ਲਿਆਂਦਾ ਜਾਵੇਗਾ। ਭਾਜਪਾ ਦੇ ਚੋਣ ਮੈਨੀਫੈਸਟੋ ਵਿੱਚ ਜੰਮੂ ਦੇ ਪਹਿਲਗਾਮ ਦੀ ਤਰਜ਼ 'ਤੇ ਪੀਰ ਪੰਜਾਲ ਨੂੰ ਸੈਰ-ਸਪਾਟਾ ਹੱਬ ਅਤੇ ਸੈਰ-ਸਪਾਟਾ ਸ਼ਹਿਰ ਬਣਾਉਣ ਦਾ ਵਾਅਦਾ ਕੀਤਾ ਗਿਆ ਹੈ। ਸ੍ਰੀਨਗਰ ਦੀ ਡਲ ਝੀਲ ਵਿੱਚ ਵਾਟਰ ਸਪੋਰਟਸ, ਅਮਿਊਜ਼ਮੈਂਟ ਹੱਬ ਅਤੇ ਸ੍ਰੀਨਗਰ ਵਿੱਚ ਆਈਟੀ ਹੱਬ ਬਣਾਉਣ ਦਾ ਵੀ ਵਾਅਦਾ ਕੀਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਰਾਵੀ ਰਿਵਰ ਫਰੰਟ ਨੂੰ ਵਿਕਸਤ ਕਰਕੇ ਜੰਮੂ ਨੂੰ ਸੈਰ-ਸਪਾਟੇ ਦੇ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਭਾਜਪਾ ਦੇ ਚੋਣ ਮਨੋਰਥ ਪੱਤਰ ਵਿੱਚ ਉਦਯੋਗਿਕ ਇਕਾਈਆਂ ਬਾਰੇ ਵੀ ਐਲਾਨ ਕੀਤੇ ਗਏ ਹਨ। ਜੰਮੂ-ਕਸ਼ਮੀਰ 'ਚ 60,000 ਉਦਯੋਗਿਕ ਇਕਾਈਆਂ ਹਨ, ਉਨ੍ਹਾਂ ਲਈ ਆਕਰਸ਼ਕ ਪੈਕੇਜ ਲਿਆਉਣ ਅਤੇ ਉਨ੍ਹਾਂ ਨੂੰ ਗਤੀ ਦੇਣ ਦੀ ਗੱਲ ਵੀ ਕਹੀ ਗਈ ਹੈ। ਭਾਜਪਾ ਨੇ ਅੱਤਵਾਦ ਨੂੰ ਲੈ ਕੇ ਵੱਡਾ ਐਲਾਨ ਕੀਤਾ ਹੈ। ਮੈਨੀਫੈਸਟੋ 'ਚ ਕਿਹਾ ਗਿਆ ਹੈ ਕਿ ਜੰਮੂ-ਕਸ਼ਮੀਰ 'ਚ ਲਗਭਗ 40 ਹਜ਼ਾਰ ਲੋਕ ਅੱਤਵਾਦ ਦਾ ਸ਼ਿਕਾਰ ਹੋ ਚੁੱਕੇ ਹਨ। ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਕਿਹਾ ਹੈ ਕਿ ਇਸ ਬਾਰੇ ਇੱਕ ਵ੍ਹਾਈਟ ਪੇਪਰ ਲਿਆਂਦਾ ਜਾਵੇਗਾ ਅਤੇ ਦੱਸਿਆ ਜਾਵੇਗਾ ਕਿ ਹਜ਼ਾਰਾਂ ਲੋਕਾਂ ਦੀ ਮੌਤ ਲਈ ਆਖਿਰ ਕੌਣ ਜ਼ਿੰਮੇਵਾਰ ਹੈ। ਭਾਜਪਾ ਦਾ ਕਹਿਣਾ ਹੈ ਕਿ ਅੱਤਵਾਦ 'ਤੇ ਹਮਲਾ ਜਾਰੀ ਰਹੇਗਾ। ਅੱਤਵਾਦੀਆਂ ਨੂੰ ਸਰਹੱਦ ਪਾਰ ਭੇਜਿਆ ਜਾਵੇਗਾ। ਇਸ ਨਾਲ ਜੰਮੂ-ਕਸ਼ਮੀਰ ਦਾ ਬਰਾਬਰ ਵਿਕਾਸ ਹੋਵੇਗਾ। ਇਹ ਵੀ ਕਿਹਾ ਗਿਆ ਹੈ ਕਿ ਜੰਮੂ-ਕਸ਼ਮੀਰ ਉਨ੍ਹਾਂ ਨਾਲ ਨਹੀਂ ਹੋਵੇਗਾ ਜੋ ਅੱਤਵਾਦ ਨਾਲ ਹਨ। ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ 'ਚ ਕਿਹਾ ਕਿ ਜੇਕਰ ਸਾਡੇ 'ਤੇ ਭਰੋਸਾ ਕੀਤਾ ਜਾਂਦਾ ਹੈ ਤਾਂ ਪਰਿਵਾਰ ਦੀ ਸਭ ਤੋਂ ਸੀਨੀਅਰ ਔਰਤ ਨੂੰ 18,000 ਰੁਪਏ ਦੀ ਸਾਲਾਨਾ ਸਹਾਇਤਾ ਦਿੱਤੀ ਜਾਵੇਗੀ। ਨਾਲ ਹੀ, 2 ਐਲਪੀਜੀ ਸਿਲੰਡਰ ਮੁਫਤ ਦਿੱਤੇ ਜਾਣਗੇ। ਇਸ ਤੋਂ ਇਲਾਵਾ 5 ਲੱਖ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦਾ ਵੀ ਵਾਅਦਾ ਕੀਤਾ ਗਿਆ ਹੈ। ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਜੰਮੂ-ਕਸ਼ਮੀਰ ਦੇ ਨੌਜਵਾਨਾਂ ਨੂੰ 10,000 ਰੁਪਏ ਦੀ ਸਹਾਇਤਾ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ।





# ਰਾਸ਼ਟਰਪਤੀ ਉਮੀਦਵਾਰਾਂ ਵਿਚਾਲੇ ਬਹਿਸ: ਟਰੰਪ 'ਤੇ ਭਾਰੂ ਰਹੀ ਹੈਰਿਸ

ਵਾਸ਼ਿੰਗਟਨ- ਅਮਰੀਕਾ ਵਿੱਚ ਨਵੰਬਰ 'ਚ ਹੋਣ ਵਾਲੀ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਤੋਂ ਪਹਿਲਾਂ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਕਮਲਾ ਹੈਰਿਸ ਅਤੇ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਡੋਨਾਲਡ ਟਰੰਪ ਪਹਿਲੀ ਵਾਰ ਆਹਮੋ-ਸਾਹਮਣੇ ਹੋਏ ਅਤੇ ਉਨ੍ਹਾਂ ਅਮਰੀਕੀ ਵਿਦੇਸ਼ ਨੀਤੀ, ਅਰਥਚਾਰੇ, ਸਰਹੱਦੀ ਸੁਰੱਖਿਆ ਤੇ ਗਰਭਪਾਤ ਜਿਹੇ ਮੁੱਦਿਆਂ 'ਤੇ ਆਪਣੀਆਂ ਦਲੀਲਾਂ ਪੇਸ਼ ਕੀਤੀਆਂ। ਇਸ ਦੌਰਾਨ ਹੈਰਿਸ ਟਰੰਪ 'ਤੇ ਭਾਰੂ ਰਹੀ ਤੇ ਉਸ ਨੇ ਕਈ ਮਾਮਲਿਆਂ 'ਤੇ ਟਰੰਪ ਨੂੰ ਘੇਰ ਲਿਆ। ਦੋਵਾਂ ਆਗੂਆਂ ਵਿਚਾਲੇ ਇਹ ਬਹਿਸ ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦੀ ਅਧਿਕਾਰਤ ਰਿਹਾਇਸ਼ ਤੇ ਦਫ਼ਤਰ) ਲਈ ਉਨ੍ਹਾਂ ਦੀ ਦਾਅਵੇਦਾਰੀ ਦੇ ਲਿਹਾਜ਼ ਨਾਲ ਅਹਿਮ ਸਾਬਤ ਹੋ ਸਕਦੀ ਹੈ। ਬਹਿਸ ਦੀ ਸ਼ੁਰੂਆਤ ਦੋਵਾਂ ਆਗੂਆਂ ਨੇ ਹੱਥ ਮਿਲਾ ਕੇ ਕੀਤੀ ਪਰ ਬਾਅਦ ਵਿੱਚ ਇਹ ਤਿੱਖੇ ਹਮਲਾਵਰ ਰੁਖ਼ 'ਚ ਤਬਦੀਲ ਹੋ ਗਈ। ਪੈਨਸਿਲਵੇਨੀਆ 'ਚ 90 ਮਿੰਟ ਚੱਲੀ ਇਸ ਬਹਿਸ ਦੌਰਾਨ ਟਰੰਪ ਤੇ ਹੈਰਿਸ ਨੇ ਅਗਲੇ ਚਾਰ ਸਾਲ ਲਈ ਆਪੋ-ਆਪਣਾ ਨਜ਼ਰੀਆ ਪੇਸ਼ ਕੀਤਾ, ਜਿਸ ਨੂੰ ਉਹ ਰਾਸ਼ਟਰਪਤੀ ਬਣਨ 'ਤੇ ਲਾਗੂ ਕਰਨਾ ਚਾਹੁੰਦੇ ਹਨ। ਉਪ ਰਾਸ਼ਟਰਪਤੀ ਹੈਰਿਸ (59) ਨੇ ਆਪਣੀ ਗੱਲ ਸਮੇਟਦਿਆਂ ਅੰਤ 'ਚ ਟਿੱਪਣੀ ਕੀਤੀ, 'ਮੈਨੂੰ ਲਗਦਾ ਹੈ ਕਿ ਤੁਸੀਂ ਅੱਜ ਰਾਤ ਦੇਸ਼ ਲਈ ਦੋ ਬਿਲਕੁਲ ਵੱਖ-ਵੱਖ ਨਜ਼ਰੀਏ ਸੁਣੇ। ਇੱਕ ਜੋ ਭਵਿੱਖ ਵੱਲ ਕੇਂਦਰਿਤ ਹੈ ਅਤੇ ਦੂਜਾ ਜੋ ਅਤੀਤ ਵੱਲ ਕੇਂਦਰਿਤ ਹੈ ਤੇ ਸਾਨੂੰ ਪਿੱਛੇ ਲਿਜਾਣ ਵਾਲਾ ਹੈ ਪਰ ਅਸੀਂ ਪਿੱਛੇ ਨਹੀਂ ਜਾ ਰਹੇ ਹਾਂ।' ਦੂਜੇ ਪਾਸੇ ਟਰੰਪ ਨੇ ਬਹਿਸ ਦੀ ਸਮਾਪਤੀ 'ਤੇ ਕਿਹਾ, 'ਉਨ੍ਹਾਂ (ਹੈਰਿਸ) ਇਸ ਗੱਲ ਤੋਂ ਸ਼ੁਰੂਆਤ ਕੀਤੀ ਕਿ ਉਹ ਇਹ ਕਰੇਗੀ ਤੇ ਉਹ ਕਰੇਗੀ। ਉਹ ਇਹ ਸਾਰੀਆਂ ਬਿਹਤਰੀਨ ਚੀਜ਼ਾਂ ਕਰਨ ਵਾਲੀ ਹੈ ਪਰ ਹੁਣ ਤੱਕ ਉਨ੍ਹਾਂ ਅਜਿਹਾ ਕਿਉਂ ਨਹੀਂ ਕੀਤਾ? ਇਹ ਸਭ ਕਰਨ ਲਈ ਉਨ੍ਹਾਂ ਕੋਲ ਸਾਢੇ ਤਿੰਨ ਸਾਲ ਦਾ ਸਮਾਂ ਸੀ। ਸਰਹੱਦੀ ਵਿਵਾਦ ਸੁਲਝਾਉਣ ਲਈ ਉਨ੍ਹਾਂ ਕੋਲ ਸਾਢੇ ਤਿੰਨ ਸਾਲ ਸਨ। ਰੁਜ਼ਗਾਰ ਪੈਦਾ ਕਰਨ ਲਈ ਤੇ ਜਿਹੜੀਆਂ ਵੀ ਚੀਜ਼ਾਂ ਬਾਰੇ ਅਸੀਂ ਗੱਲ ਕੀਤੀ, ਇਸ ਲਈ ਉਨ੍ਹਾਂ ਕੋਲ ਸਾਢੇ ਤਿੰਨ ਸਾਲ ਸਨ। ਉਨ੍ਹਾਂ ਉਦੋਂ ਅਜਿਹਾ ਕਿਉਂ ਨਹੀਂ ਕੀਤਾ?' ਇਸੇ ਦੌਰਾਨ ਟਰੰਪ ਨੇ ਹੈਰਿਸ 'ਤੇ ਇਜ਼ਰਾਈਲ ਨੂੰ ਨਫਰਤ ਕਰਨ ਦਾ ਦੋਸ਼ ਲਾਇਆ ਤੇ ਕਿਹਾ ਕਿ ਜੇ ਉਹ ਰਾਸ਼ਟਰਪਤੀ ਬਣੀ ਤਾਂ ਦੋ ਸਾਲਾਂ ਅੰਦਰ ਯਹੂਦੀ ਮੁਲਕ ਦੀ ਹੋਂਦ ਖਤਮ ਹੋ ਜਾਵੇਗੀ।



# ਇਜ਼ਰਾਈਲ ਵੱਲੋਂ ਗਾਜ਼ਾ 'ਚ ਮਾਨਵੀ ਜ਼ੋਨ ਵਿਚਲੇ ਕੈਂਪ 'ਤੇ ਹਮਲਾ, 40 ਹਲਾਕ

ਡੀਰ ਅਲ-ਬਲਾਹ- ਇਜ਼ਰਾਈਲ ਨੇ ਅੱਜ ਵੱਡੇ ਤੜਕੇ ਗਾਜ਼ਾ ਵਿਚ ਫ਼ਲਸਤੀਨੀਆਂ ਦੀ ਰਿਹਾਇਸ਼ ਵਾਲੇ ਭੀੜ-ਭੜੱਕੇ ਵਾਲੇ ਟੈਂਟ ਕੈਂਪ 'ਤੇ ਹਵਾਈ ਹਮਲਾ ਕੀਤਾ, ਜਿਸ ਵਿਚ ਘੱਟੋ-ਘੱਟ 40 ਵਿਅਕਤੀਆਂ ਦੀ ਮੌਤ ਹੋ ਗਈ, ਜਦੋਂਕਿ 60 ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਕੈਂਪ ਇਜ਼ਰਾਈਲ-ਹਮਾਸ ਜੰਗ ਕਰਕੇ ਘਰੋਂ ਬੇਘਰ ਹੋਏ ਫਲਸਤੀਨੀਆਂ ਦਾ ਟਿਕਾਣਾ ਹੈ। ਇਹ ਮੁਵਾਸੀ ਵਿਚ ਹੁਣ ਤੱਕ ਦਾ ਸਭ ਤੋਂ ਘਾਤਕ ਹਮਲਾ ਸੀ। ਮੁਵਾਸੀ ਗਾਜ਼ਾ ਦੇ ਸਾਹਿਲ ਨਾਲ ਲੱਗਦਾ ਭੀੜ-ਭੜੱਕੇ ਵਾਲਾ ਟੈਂਟ ਕੈਂਪ ਹੈ, ਜਿਸ ਨੂੰ ਇਜ਼ਰਾਈਲ ਨੇ ਜੰਗ ਕਰਕੇ ਪਨਾਹ ਦੀ ਤਲਾਸ਼ ਕਰ ਰਹੇ ਹਜ਼ਾਰਾਂ ਸਿਵਲੀਅਨਾਂ ਲਈ ਮਾਨਵੀ ਜ਼ੋਨ ਐਲਾਨਿਆ ਹੋਇਆ ਹੈ। ਗਾਜ਼ਾ ਦੇ ਸਿਵਲ ਡਿਫੈਂਸ ਨੇ ਕਿਹਾ ਕਿ ਹਮਲੇ ਵਾਲੀ ਥਾਂ ਤੋਂ 40 ਲਾਸ਼ਾਂ ਮਿਲੀਆਂ ਹਨ ਤੇ ਅਜੇ ਵੀ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ। ਹਮਲੇ ਵਿਚ ਟੈਂਟਾਂ 'ਚ ਰਹਿੰਦੇ ਪੂਰੇ ਪਰਿਵਾਰ ਖ਼ਤਮ ਹੋ ਗਏ। ਅਤਾਫ਼ ਅਲ-ਸ਼ਾਰ, ਜੋ ਰਾਫ਼ਾਹ ਦੇ ਦੱਖਣੀ ਸ਼ਹਿਰ ਤੋਂ ਬੇਘਰ ਹੈ, ਨੇ ਕਿਹਾ ਕਿ ਹਮਲਾ ਅੱਧੀ ਰਾਤ ਨੂੰ ਹੋਇਆ ਤੇ ਅੱਗ ਲੱਗ ਗਈ। ਉਸ ਨੇ ਇਸ ਖ਼ਬਰ ਏਜੰਸੀ ਦੇ ਰਿਪੋਰਟਰ ਨੂੰ ਦੱਸਿਆ, 'ਲੋਕ ਰੇਤ ਵਿਚ ਹੀ ਦਫ਼ਨ ਹੋ ਗਏ।' ਖ਼ਾਨ ਯੂਨਿਸ ਵਿਚ ਨਾਸਿਰ ਹਸਪਤਾਲ ਨੇ ਕਿਹਾ ਕਿ ਹਸਪਤਾਲ ਵਿਚ ਦੋ ਦਰਜਨ ਤੋਂ ਵੱਧ ਲਾਸ਼ਾਂ ਲਿਆਂਦੀਆਂ ਗਈਆਂ ਹਨ। ਉਧਰ ਇਜ਼ਰਾਇਲੀ ਫੌਜ ਨੇ ਕਿਹਾ ਕਿ ਉਸ ਦਾ ਨਿਸ਼ਾਨਾ ਹਮਾਸ ਦਹਿਸ਼ਤਗਰਦ ਸਨ, ਜੋ ਕਮਾਂਡ ਤੇ ਕੰਟਰੋਲ ਸੈਂਟਰ ਤੋਂ ਆਪਣੀਆਂ ਕਾਰਵਾਈਆਂ ਚਲਾ ਰਹੇ ਹਨ। ਇਜ਼ਰਾਈਲ ਨੇ ਕਿਹਾ ਕਿ ਆਮ ਲੋਕਾਂ ਨੂੰ ਜਾਨੀ ਮਾਲੀ ਨੁਕਸਾਨ ਤੋਂ ਬਚਾਉਣ ਲਈ ਉਸ ਦੇ ਸੁਰੱਖਿਆ ਬਲਾਂ ਵੱਲੋਂ ਹਵਾਈ ਨਿਗਰਾਨੀ ਤੇ ਹੋਰ ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਜ਼ਰਾਇਲੀ ਫੌਜ ਦੇ ਤਰਜਮਾਨ ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਕਿਹਾ ਕਿ ਹਮਲੇ ਵਿਚ ਮਾਰੇ ਗਏ ਦਹਿਸ਼ਤਗਰਦ 7 ਅਕਤੂਬਰ ਦੇ ਹਮਲੇ ਵਿਚ ਸਿੱਧੇ ਤੌਰ 'ਤੇ ਸ਼ਾਮਲ ਸਨ। ਹਮਾਸ ਨੇ ਹਾਲਾਂਕਿ ਇਕ ਬਿਆਨ ਵਿਚ ਇਲਾਕੇ 'ਚ ਕਿਸੇ ਦਹਿਸ਼ਤਗਰਦ ਦੀ ਮੌਜੂਦਗੀ ਤੋਂ ਇਨਕਾਰ ਕੀਤਾ ਹੈ।

# 'ਹਿੰਦੂਜ਼ ਫਾਰ ਅਮਰੀਕਾ ਫ਼ਸਟ' ਡੋਨਾਲਡ ਟਰੰਪ ਦਾ ਸਮਰਥਨ ਕਰੇਗਾ

ਨਿਊਯਾਰਕ- ਨਵੇਂ ਬਣੇ ਸੰਗਠਨ 'ਹਿੰਦੂਜ਼ ਫਾਰ ਅਮਰੀਕਾ ਫਸਟ' ਨੇ ਐਲਾਨ ਕੀਤਾ ਹੈ ਕਿ ਉਹ ਰਾਸ਼ਟਰਪਤੀ ਅਹੁਦੇ ਲਈ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਦਾ ਸਮਰਥਨ ਕਰੇਗਾ ਅਤੇ ਡੈਮੋਕ੍ਰੇਟਿਕ ਉਮੀਦਵਾਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਵਿਰੁਧ ਮੁਹਿੰਮ ਸ਼ੁਰੂ ਕਰੇਗਾ। ਇਸ ਫੈਸਲੇ ਦਾ ਐਲਾਨ 'ਹਿੰਦੂਜ਼ ਫਾਰ ਅਮਰੀਕਾ ਫਸਟ' ਦੇ ਪ੍ਰਧਾਨ ਅਤੇ ਸੰਸਥਾਪਕ ਉਤਸਵ ਸੰਦੂਜਾ ਨੇ ਕੀਤਾ। ਉਨ੍ਹਾਂ ਕਿਹਾ ਕਿ ਟਰੰਪ ਦੇ 'ਭਾਰਤ ਦੇ ਸਮਰਥਕ ਹੋਣ ਦੇ ਉਲਟ ਹੈਰਿਸ ਨੇ ਭਾਰਤ ਅਤੇ ਭਾਰਤ ਦੇ ਲੋਕਾਂ ਬਾਰੇ ਅਪਮਾਨਜਨਕ ਬਿਆਨਬਾਜ਼ੀ' ਕੀਤੀ ਹੈ। ਉਨ੍ਹਾਂ ਕਿਹਾ ਕਿ ਬਾਈਡਨ-ਹੈਰਿਸ ਪ੍ਰਸ਼ਾਸਨ ਨੇ ਸਰਹੱਦ ਨੂੰ ਸੁਰੱਖਿਅਤ ਨਹੀਂ ਕੀਤਾ ਹੈ। ਰਾਸ਼ਟਰਪਤੀ ਜੋ ਬਾਈਡਨ ਤੋਂ ਬਾਅਦ ਦੂਜੀ ਸੱਭ ਤੋਂ ਸ਼ਕਤੀਸ਼ਾਲੀ ਸਿਆਸਤਦਾਨ ਹੈਰਿਸ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਵਿਚ ਆਉਣ ਤੋਂ ਰੋਕਣ ਲਈ ਕੁੱਝ ਨਹੀਂ ਕੀਤਾ। ਉਨ੍ਹਾਂ ਕਿਹਾ, "ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਪਰਾਧ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਭਾਰੀ ਵਾਧਾ ਹੋਇਆ ਹੈ ਅਤੇ ਇਸ ਦਾ ਅਸਰ ਘੱਟ ਗਿਣਤੀਆਂ, ਖਾਸ ਤੌਰ 'ਤੇ ਕਈ ਏਸ਼ੀਆਈ-ਅਮਰੀਕੀ ਕਾਰੋਬਾਰੀ ਮਾਲਕਾਂ 'ਤੇ ਪੈ ਰਿਹਾ ਹੈ।" ਉਨ੍ਹਾਂ ਕਿਹਾ, "ਟਰੰਪ ਭਾਰਤ ਦੇ ਸਮਰਥਕ ਹਨ। ਉਨ੍ਹਾਂ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬਹੁਤ ਵਧੀਆ ਰਿਸ਼ਤਾ ਹੈ ਅਤੇ ਉਨ੍ਹਾਂ ਨੇ ਕਈ ਰੱਖਿਆ ਪ੍ਰਾਜੈਕਟਾਂ 'ਤੇ ਸਹਿਯੋਗ ਕੀਤਾ ਹੈ ਜੋ ਭਾਰਤ ਨੂੰ ਚੀਨ ਦਾ ਸਾਹਮਣਾ ਕਰਨ 'ਚ ਸਹਾਇਤਾ ਕਰਨਗੇ।" ਸੰਦੂਜਾ ਨੇ ਕਿਹਾ, "ਇਸ ਦੇ ਉਲਟ ਕਮਲਾ ਹੈਰਿਸ ਨੇ ਭਾਰਤ ਸਰਕਾਰ ਅਤੇ ਭਾਰਤੀ ਲੋਕਾਂ ਬਾਰੇ ਕਈ ਅਪਮਾਨਜਨਕ ਟਿਪਣੀਆਂ ਕੀਤੀਆਂ, ਜਦਕਿ ਟਰੰਪ ਨੇ ਕਦੇ ਵੀ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦਿਤਾ।



# ਪਰਥ ਕੈਨਿੰਗ ਵੇਲ ਦੇ ਸਿੱਖ ਗੁਰਦੁਆਰਾ ਸਾਹਿਬ 'ਚ ਬੇਅਦਬੀ ਕਰਨ ਵਾਲਾ ਗ੍ਰਿਫ਼ਤਾਰ



ਪਰਥ- ਆਸਟਰੇਲੀਆ ਦੇ ਪਰਥ ਸ਼ਹਿਰ ਸਥਿਤ ਗੁਰੂ ਘਰ ਅੱਗੇ ਬੇਅਦਬੀ ਦੇ ਮਾਮਲੇ ਵਿੱਚ ਪੁਲਿਸ ਨੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਕੁੱਝ ਦਿਨ ਪਹਿਲਾਂ ਸੋਸ਼ਲ ਮੀਡੀਆ 'ਤੇ ਪਰਥ ਦੇ ਕੈਨਿੰਗ ਵੇਲ ਸਿੱਖ ਗੁਰੂਦੁਆਰਾ ਸਾਹਮਣੇ ਇੱਕ ਵਿਅਕਤੀ ਵੱਲੋਂ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਦੀ ਵੀਡੀਓ ਸਾਹਮਣੇ ਆਈ ਸੀ।ਇਸ ਵਾਇਰਲ ਵੀਡੀਓ ਕਾਰਨ ਭਾਈਚਾਰੇ ਵਿੱਚ ਭਾਰੀ ਰੋਸ ਦੇਖਣ ਨੂੰ ਮਿਲਿਆ ਅਤੇ ਭਾਈਚਾਰੇ ਦੇ ਮੈਂਬਰਾਂ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਇਕੱਠ ਕਰ ਕੇ ਇਸ ਘਟਨਾ 'ਤੇ ਨਿਰਾਸ਼ਾ ਵੀ ਜ਼ਾਹਰ ਕੀਤੀ ਗਈ।ਜਿੱਥੇ ਭਾਈਚਾਰਕ ਮੈਂਬਰਾਂ ਵਿੱਚ ਰੋਸ ਦੇਖਿਆ ਗਿਆ ਉੱਥੇ ਹੀ ਰਾਜਨੀਤਿਕ ਆਗੂਆਂ ਵੱਲੋਂ ਵੀ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ।ਇਸ ਤੋਂ ਇਲਾਵਾ ਐਮ ਪੀ ਜੇਸਨ ਵੁੱਡ ਅਤੇ ਹਿੰਦੂ ਸੰਸਥਾਵਾਂ ਤੇ ਭਾਰਤੀ ਸੰਸਥਾਵਾਂ ਵੱਲੋਂ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਗਈ ਹੈ।ਮਾਮਲੇ ਦੀ ਜਾਂਚ ਦੌਰਾਨ ਪੱਛਮੀ ਆਸਟ੍ਰੇਲੀਆ ਦੀ ਪੁਲਿਸ ਵੱਲੋਂ ਇੱਕ ਪੱਤਰ ਜਾਰੀ ਕਰ ਭਾਈਚਾਰੇ ਨੂੰ ਜਾਂਚ ਅਤੇ ਸੁਰੱਖਿਆ ਦਾ ਭਰੋਸਾ ਦਿੱਤਾ ਗਿਆ ਹੈ।ਇਸ ਘਟਨਾ ਦੀ ਜਾਂਚ ਕਰ ਰਹੀ ਸੂਬਾ ਪੁਲਿਸ ਦੀ ਉੱਚ ਪੱਧਰੀ ਟੀਮ ਨੇ ਬਿਆਨ ਕਿਹਾ ਕਿ ਬੇਅਦਬੀ ਦੀ ਘਟਨਾ ਦੇ ਮਾਮਲੇ ਵਿਚ 20 ਸਾਲਾ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਚੱਲ ਰਹੀ ਹੈ। ਹਾਲਾਂਕਿ ਪੁਲਿਸ ਨੇ ਮੁਲਜ਼ਮ ਦੀ ਪਛਾਣ ਜਨਤਕ ਕਰਨ ਤੋਂ ਇਨਕਾਰ ਕਰ ਦਿੱਤਾ।ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਨਸਲੀ ਤੌਰ 'ਤੇ ਪ੍ਰੇਸ਼ਾਨ ਕਰਨ ਦੇ ਇਰਾਦੇ ਦੇ ਤਹਿਤ ਕੇਸ ਦਰਜ ਕੀਤਾ ਹੈ। ਮੁੱਢਲੀ ਜਾਂਚ ਦੌਰਾਨ ਬੇਅਦਬੀ ਮਾਮਲੇ ਵਿੱਚ ਗ੍ਰਿਫ਼ਤਾਰ ਮੁਲਜ਼ਮ ਦੀ ਸ਼ਮੂਲੀਅਤ ਸਾਹਮਣੇ ਨਹੀਂ ਆਈ ਹੈ।



# ਅੰਡਰ 13 ਫੁੱਟਬਾਲ ਟੀਮ ’ਚ ਨਸਲੀ ਵਿਤਕਰਾ




ਔਕਲੈਂਡ- ‘ਚਿੱਟੀ ਚਮੜੀ ਦਿਲ ਕਾਲੇ’ ਵਾਲੇ ਕਈ ਲੋਕ ਕਦੇ-ਕਦੇ ਅਜਿਹੀ ਲਿਬੜੀ ਮੱਝ ਵਾਲੀ ਗੱਲ ਕਰਦੇ ਹਨ ਚੰਗੇ ਭਲੇ ਲੋਕਾਂ ਦੇ ਉਤੇ ਵੀ ਆਪਣਾ ਚਿੱਕੜ ਸੁੱਟ ਛੱਡਦੇ ਹਨ। ਆਮ ਵਿਅਕਤੀ ਨੂੰ ਲਗਦਾ ਹੈ ਕਿ ਕਿਤੇ ਸਾਰੇ ਅਜਿਹੇ ਨਾ ਹੋਣ। ਇਹ ਨਸਲੀ ਵਿਤਕਰੇ ਵਾਲੀਆਂ ਘਟਨਾਵਾਂ ਵਿਕਸਤ ਦੇਸ਼ਾਂ ਦੇ ਵਿਚ ਵੀ ਰੁਕਣ ਦਾ ਨਾਂਅ ਨਹੀਂ ਲੈਂਦੀਆਂ। ਹੁਣ ਔਕਲੈਂਡ ਵਿਖੇ ਅੰਡਰ-13 ਫੁੱਟਬਾਲ ਟੀਮ ਦੇ ਵਿਚ ਖੇਡਦੇ ਭਾਰਤੀ ਖਿਡਾਰੀਆਂ ਦੇ ਨਾਲ ਅਜਿਹੀ ਹੀ ਨਸਲੀ ਟਿੱਪਣੀ ਮੈਚ ਦੇ ਰੈਫਰੀ ਵੱਲੋਂ ਕੀਤੀ ਗਈ ਹੈ, ਜਿਸ ਦਾ ਗੰਭੀਰ ਨੋਟਿਸ ‘ਔਕਲੈਂਡ ਫੁੱਟਬਾਲ ਐਸੋਸੀਏਸ਼ਨ’ ਨੇ ਲੈ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਾਊਥ ਔਕਲੈਂਡ ਦੀਆਂ ਦੋ ਅੰਡਰ-13 ਟੀਮਾਂ ਬੀਤੇ ਸ਼ਨੀਵਾਰ ‘ਨਾਰਦਰਨ ਰੀਜ਼ਨ ਫੁੱਟਬਾਲ’ ਮੁਕਾਬਲੇ ਵਿਚ ਖੇਡ ਰਹੀਆਂ ਸਨ ਜਿਸ ਵੇਲੇ ਇਹ ਘਟਨਾ ਘਟੀ। ਮੈਚ ਬੜਾਂ ਫਸਵਾਂ ਸੀ। ਇਸ ਦੌਰਾਨ ਇਕ ਟੀਮ ਨੇ ਕੁਝ ਕਾਲਾਂ ਕੀਤੀਆਂ ਜਿਸਦਾ ਦੂਜੀ ਟੀਮ ਨੇ ਵਿਰੋਧ ਕੀਤਾ। ਇਕ ਖਿਡਾਰੀ ਨੇ ਮੀਡੀਆ ਨੂੰ ਦੱਸਿਆ ਕਿ ਉਸਨੂੰ ਕਿਹਾ ਗਿਆ ਕਿ “ਤੁਸੀਂ ਆਪਣੇ ਮਾਪਿਆਂ ਨਾਲ ਵਾਪਿਸ ਉਥੇ ਚਲੇ ਜਾਓ ਜਿਥੋਂ ਤੁਸੀਂ ਆਏ ਹੋ।” ਇਕ ਹੋਰ ਦੇ ਪੁੱਤਰ ਨੂੰ ਇਹ ਕਿਹਾ ਗਿਆ ਕਿ ‘ਚੁੱਪ ਰਹੋ (ਸ਼ੱਟ-ਅੱਪ) ਤੇ ਵਾਪਿਸ ਉਥੇ ਜਾਓ ਜਿਥੋਂ ਤੁਸੀਂ ਭਾਰਤੀ ਆਏ ਹੋ।”ਇਹ ਉਹ ਖਿਡਾਰੀ ਬੱਚੇ ਸਨ ਜਿਹੜੇ ਪ੍ਰਵਾਸੀ ਭਾਰਤੀਆਂ ਦੇ ਇਥੇ ਪੈਦਾ ਹੋਏ ਬੱਚੇ ਹਨ ਅਤੇ ਜਮਾਂਦਰੂ ਕੀਵੀ ਹਨ। ਇਨ੍ਹਾਂ ਖਿਡਾਰੀਆਂ ਨੂੰ ਕਿਹਾ ਗਿਆ ਕਿ ਜੇਕਰ ਰੈਫਰੀ ਨਾਲ ਕੋਈ ਗੱਲਬਾਤ ਕੀਤੀ ਤਾਂ ਟੀਮ ਵਿਚੋਂ ਬਾਹਰ ਕੱਢ ਦਿੱਤੇ ਜਾਓਗੇ। ਕਈ ਖਿਡਾਰੀਆਂ ਨੂੰ ਇਸ ਤੋਂ ਪਹਿਲਾਂ ਇਸ ਕਰਕੇ ਟੀਮ ਵਿਚ ਨਹੀਂ ਸ਼ਾਮਿਲ ਕੀਤਾ ਗਿਆ ਕਿ ਤੁਸੀਂ ਦੂਸਰੇ ਖਿਡਾਰੀਆਂ ਤੋਂ ਵੱਖਰੀ ਤਰਾਂ ਦੀ ਦਿੱਖ ਰੱਖਦੇ ਹੋ।

# ਪੈਰਿਸ ਪੈਰਾਲੰਪਿਕ ’ਚ ਭਾਰਤੀ ਖਿਡਾਰੀਆਂ ਨੇ ਗੱਡੇ ਝੰਡੇ

ਪੈਰਿਸ- ਭਾਰਤ ਨੇ ਪੈਰਿਸ ਪੈਰਾਲੰਪਿਕ-2024 ’ਚ ਇਤਿਹਾਸਕ ਪ੍ਰਦਰਸ਼ਨ ਕੀਤਾ ਅਤੇ 7 ਸੋਨ ਤਗਮੇ ਸਮੇਤ 29 ਤਗਮੇ ਜਿੱਤ ਕੇ ਆਪਣੀ ਯਾਤਰਾ ਦਾ ਅੰਤ ਕੀਤਾ। 10ਵੇਂ ਦਿਨ ਸ਼ਨੀਵਾਰ 7 ਸਤੰਬਰ ਨੂੰ ਦੇਸ਼ ਨੂੰ 3 ਮੈਡਲ ਮਿਲੇ। ਖੇਡਾਂ ਦਾ ਸਮਾਪਤੀ ਸਮਾਰੋਹ ਅੱਜ (8 ਸਤੰਬਰ) ਦੁਪਹਿਰ 11:30 ਵਜੇ ਕੀਤਾ ਗਿਆ।ਭਾਰਤ ਤਮ.ਗਾ ਸੂਚੀ ’ਚ 16ਵੇਂ ਨੰਬਰ ’ਤੇ ਹੈ। ਦੇਸ਼ ਨੇ 7 ਸੋਨ, 9 ਚਾਂਦੀ ਅਤੇ 13 ਕਾਂਸੀ ਦੇ ਤਗਮੇ ਜਿੱਤੇ। ਇਹ ਭਾਰਤ ਦਾ ਆਲ ਟਾਈਮ ਸਰਵੋਤਮ ਪ੍ਰਦਰਸ਼ਨ ਹੈ, ਇਸ ਤੋਂ ਪਹਿਲਾਂ ਦੇਸ਼ ਨੇ ਟੋਕੀਓ ਵਿੱਚ 5 ਗੋਲਡ ਸਮੇਤ 19 ਤਗਮੇ ਜਿੱਤੇ ਸਨ।ਆਖ਼ਰੀ ਦਿਨ ਭਾਰਤ ਦੇ ਜੈਵਲਿਨ ਥਰੋਅਰ ਨਵਦੀਪ ਨੇ ਪੁਰਸ਼ਾਂ ਦੇ ਐਫ41 ਵਰਗ ਵਿੱਚ ਚਾਂਦੀ ਦਾ ਤ.ਗਮਾ ਜਿੱਤਿਆ, ਹਾਲਾਂਕਿ ਨਵਦੀਪ ਨੂੰ ਈਰਾਨੀ ਐਥਲੀਟ ਬੇਤ ਸਯਾਹ ਸਾਦੇਘ ਦੇ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਸੋਨ ਤ.ਗਮਾ ਦਿੱਤਾ ਗਿਆ।ਨਵਦੀਪ ਤੋਂ ਇਲਾਵਾ, ਸਿਮਰਨ ਨੇ ਔਰਤਾਂ ਦੇ ਟੀ-12 ਵਰਗ ਵਿੱਚ 200 ਮੀਟਰ ਦੌੜ ਵਿੱਚ ਇੱਕ-ਇੱਕ ਕਾਂਸੀ ਦਾ ਤ.ਗਮਾ ਜਿੱਤਿਆ ਅਤੇ ਨਾਗਾਲੈਂਡ ਦੀ ਹੋਕਾਟੋ ਸੇਮਾ ਨੇ ਪੁਰਸ਼ਾਂ ਦੇ ਸ਼ਾਟਪੁੱਟ ਵਿੱਚ ਇੱਕ-ਇੱਕ ਕਾਂਸੀ ਦਾ ਤ.ਗਮਾ ਜਿੱਤਿਆ। ਉਹ 22 ਸਾਲ ਪਹਿਲਾਂ ਇੱਕ ਅੱਤਵਾਦੀ ਮੁਕਾਬਲੇ ਵਿੱਚ ਆਪਣੀ ਖੱਬੀ ਲੱਤ ਗੁਆ ਬੈਠਾ ਸੀ।ਭਾਰਤ ਦੇ ਨਵਦੀਪ ਨੇ ਪੁਰਸ਼ਾਂ ਦੇ ਐਫ41 ਵਰਗ ਦੇ ਫਾਈਨਲ ਵਿੱਚ ਚਾਂਦੀ ਦਾ ਤ.ਗਮਾ ਜਿੱਤਿਆ, ਪਰ ਈਰਾਨੀ ਐਥਲੀਟ ਦੇ ਅਯੋਗ ਕਰਾਰ ਦਿੱਤੇ ਜਾਣ ਮਗਰੋਂ ਉਸ ਨੂੰ ਸੋਨ ਤ.ਗਮਾ ਮਿਲਿਆ। ਨਵਦੀਪ ਨੇ ਆਪਣੀ ਤੀਜੀ ਕੋਸ਼ਿਸ਼ ਵਿੱਚ 47.32 ਮੀਟਰ ਦਾ ਸਰਵੋਤਮ ਥਰੋਅ ਕੀਤਾ। ਇਹ ਪੈਰਾਲੰਪਿਕ ਰਿਕਾਰਡ ਬਣਿਆ ਰਿਹਾ ਪਰ ਫਿਰ ਈਰਾਨ ਦੇ ਸਾਦੇਗ ਸਯਾਹ ਨੇ ਆਪਣੀ 5ਵੀਂ ਕੋਸ਼ਿਸ਼ ਵਿਚ 47.64 ਮੀਟਰ ਦਾ ਸਰਵੋਤਮ ਥਰੋਅ ਕੀਤਾ।ਈਰਾਨੀ ਐਥਲੀਟ ਦੇ ਅਯੋਗ ਹੋਣ ਤੋਂ ਬਾਅਦ ਨਵਦੀਪ ਨੇ ਸੋਨ ਤਗਮਾ ਹਾਸਲ ਕੀਤਾ। ਕਾਂਸੀ ਦਾ ਤ.ਗਮਾ ਜਿੱਤਣ ਵਾਲੇ ਚੀਨ ਦੇ ਪੇਂਗਸ਼ਿਆਂਗ ਸੁਨ ਦਾ ਤਗਮਾ ਚਾਂਦੀ ਵਿੱਚ ਬਦਲ ਗਿਆ। 641 ਸ਼੍ਰੇਣੀ ਵਿੱਚ ਉਹ ਐਥਲੀਟ ਸ਼ਾਮਲ ਹਨ ਜਿਨ੍ਹਾਂ ਦੀ ਕੱਦ ਘੱਟ ਹੈ।ਮਹਿਲਾ ਟੀ-12 ਵਰਗ ਵਿੱਚ ਭਾਰਤ ਦੀ ਸਿਮਰਨ ਨੇ ਆਖਿਰਕਾਰ 200 ਮੀਟਰ ਦੌੜ ਵਿੱਚ ਕਾਂਸੀ ਦਾ ਤ.ਗਮਾ ਜਿੱਤ ਲਿਆ। ਸਿਮਰਨ 100 ਮੀਟਰ ਦੌੜ ਵਿੱਚ ਤਮਗਾ ਜਿੱਤਣ ਤੋਂ ਖੁੰਝ ਗਈ ਸੀ।



4 ਖਿਡਾਰੀਆਂ ਦੇ ਫਾਈਨਲ ਵਿੱਚ ਉਸ ਨੇ 24.75 ਮੀਟਰ ਦੇ ਸਮੇਂ ਨਾਲ ਦੌੜ ਪੂਰੀ ਕੀਤੀ।ਕਿਊਬਾ ਦੇ ਐਥਲੀਟ ਨੇ ਸੋਨ ਤਗਮਾ ਜਿੱਤਿਆ ਅਤੇ ਵੈਨੇਜ਼ੁਏਲਾ ਦੇ ਐਥਲੀਟ ਨੇ ਚਾਂਦੀ ਦਾ ਤਗਮਾ ਜਿੱਤਿਆ। “12 ਸ਼੍ਰੇਣੀ ਵਿੱਚ ਅਜਿਹੇ ਐਥਲੀਟ ਸ਼ਾਮਲ ਹਨ ਜਿਨ੍ਹਾਂ ਨੂੰ ਨਜ਼ਰ ਦੀ ਸਮੱਸਿਆ ਹੈ। ਇਸ ਲਈ ਟ੍ਰੈਕ ਇਵੈਂਟਸ ਵਿੱਚ ਇੱਕ ਗਾਈਡ ਵੀ ਉਸ ਦੇ ਨਾਲ ਚੱਲਦਾ ਹੈ।

# ਅਡਾਨੀ ਗਰੁੱਪ ਖ਼ਿਲਾ.ਫ ਪ੍ਰਦਰਸ਼ਨ ਕਾਰਨ ਹਵਾਈ ਉਡਾਣਾਂ ਪ੍ਰਭਾਵਿਤ

ਨੈਰੋਬੀ- ਕੀਨੀਆ ਸਰਕਾਰ ਅਤੇ ਭਾਰਤ ਦੇ ਉਦਯੋਗਪਤੀ ਗੌਤਮ ਅਡਾਨੀ ਦੀ ਅਗਵਾਈ ਵਾਲੇ ਅਡਾਨੀ ਗਰੁੱਪ ਦਰਮਿਆਨ ਹੋਏ ਸਮਝੌਤੇ ਦੇ ਵਿਰੋਧ ਵਿੱਚ ਅੱਜ ਦੇਸ਼ ਦੇ ਮੁੱਖ ਹਵਾਈ ਅੱਡੇ ’ਤੇ ਸੈਂਕੜੇ ਵਰਕਰਾਂ ਨੇ ਪ੍ਰਦਰਸ਼ਨ ਕੀਤਾ, ਜਿਸ ਕਾਰਨ ਉਡਾਣਾਂ ਪ੍ਰਭਾਵਿਤ ਹੋਈਆਂ ਅਤੇ ਸੈਂਕੜੇ ਯਾਤਰੀ ਹਵਾਈ ਅੱਡੇ ’ਤੇ ਫਸੇ ਰਹੇ। ਸਰਕਾਰ ਨੇ ਕਿਹਾ ਕਿ ਅਡਾਨੀ ਗਰੁੱਪ ਨਾਲ ਉਸਾਰੀ ਅਤੇ ਸੰਚਾਲਨ ਸਮਝੌਤੇ ਤਹਿਤ ਜੋਮੋ ਕੀਨੀਅੱਟਾ ਕੌਮਾਂਤਰੀ ਹਵਾਈ ਅੱਡੇ ਦਾ ਨਵੀਨੀਕਰਨ ਕੀਤਾ ਜਾਵੇਗਾ ਅਤੇ ਇੱਕ ਹੋਰ ਰਨਵੇਅ ਤੇ ਟਰਮੀਨਲ ਬਣਾਏ ਜਾਣਗੇ। ਇਸ ਸਮਝੌਤੇ ਤਹਿਤ ਅਡਾਨੀ ਗਰੁੱਪ ਵੱਲੋਂ 30 ਸਾਲਾਂ ਤੱਕ ਹਵਾਈ ਅੱਡੇ ਦਾ ਸੰਚਾਲਨ ਕੀਤਾ ਜਾਵੇਗਾ।
‘ਕੀਨੀਆ ਏਅਰਪੋਰਟ ਵਰਕਰਜ਼ ਯੂਨੀਅਨ’ ਨੇ ਹੜਤਾਲ ਦਾ ਐਲਾਨ ਕਰਦਿਆਂ ਦੋਸ਼ ਲਾਇਆ ਕਿ ਇਸ ਸਮਝੌਤੇ ਨਾਲ ਲੋਕਾਂ ਦੇ ਰੁਜ਼ਗਾਰ ਖੁੱਸ ਜਾਣਗੇ ਅਤੇ ਜਿਨ੍ਹਾਂ ਦੀਆਂ ਨੌਕਰੀਆਂ ਬਚੀਆਂ ਰਹਿਣਗੀਆਂ ਉਨ੍ਹਾਂ ’ਤੇ ‘ਸੇਵਾ ਦੇ ਬੇਹੱਦ ਖ਼ਰਾਬ ਨਿਯਮ ਤੇ ਸ਼ਰਤਾਂ’ ਲਾਈਆਂ ਜਾਣਗੀਆਂ। ਨੈਰੋਬੀ ਵਿੱਚ ਸੇਵਾ ਦੇਣ ਵਾਲੀ ਜਹਾਜ਼ ਕੰਪਨੀ ‘ਕੀਨੀਆ ਏਅਰਵੇਜ਼’ ਨੇ ਐਲਾਨ ਕੀਤਾ ਕਿ ਹਵਾਈ ਅੱਡੇ ’ਤੇ ਜਾਰੀ ਹੜਤਾਲ ਕਾਰਨ ਹਵਾਈ ਉਡਾਣਾਂ ’ਚ ਦੇਰੀ ਹੋਵੇਗੀ ਤੇ ਉਡਾਣਾਂ ਰੱਦ ਵੀ ਕਰਨੀਆਂ ਪੈ ਸਕਦੀਆਂ ਹਨ। ਹਵਾਈ ਅੱਡਾ ਕਰਮਚਾਰੀਆਂ ਨੇ ਪਿਛਲੇ ਹ.ਫਤੇ ਹੜਤਾਲ ਦੀ ਚਿਤਾਵਨੀ ਦਿੱਤੀ ਸੀ ਪਰ ਸਰਕਾਰ ਨਾਲ ਗੱਲਬਾਤ ਹੋਣ ਤੱਕ ਵਾਪਸ ਲੈ ਲਈ ਸੀ। ਸੈਂਟਰਲ ਆਰਗੇਨਾਈਜੇਸ਼ਨ ਆਫ ਟਰੇਡ ਯੂਨੀਅਨਜ਼ ਦੇ ਜਨਰਲ ਸਕੱਤਰ ਫਰਾਂਸਿਸ ਅਤਵੋਲੀ ਨੇ ਹਵਾਈ ਅੱਡੇ ’ਤੇ ਕਿਹਾ ਕਿ ਸਰਕਾਰ ਵਰਕਰਾਂ ਨੂੰ ਲਿਖਤੀ ਤੌਰ ’ਤੇ ਯਕੀਨੀ ਦਿਵਾਏ ਕਿ ਉਨ੍ਹਾਂ ਦੀਆਂ ਨੌਕਰੀਆਂ ਨਹੀਂ ਜਾਣਗੀਆਂ। ਪਿਛਲੇ ਹ.ਫਤੇ ਸਥਾਨਕ ਮੀਡੀਆ ਦੀਆਂ ਖ਼ਬਰਾਂ ਮੁਤਾਬਕ, ਹਵਾਈ ਅੱਡਾ ਅਧਿਕਾਰੀਆਂ ਨਾਲ ਅਣਪਛਾਤੇ ਲੋਕਾਂ ਨੂੰ ਉਥੇ ਨੇੜੇ-ਤੇੜੇ ਘੁੰਮਦੇ ਦੇਖਿਆ ਗਿਆ ਜਿਨ੍ਹਾਂ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ।

# 130 ਭਾਰਤੀ ਡੰਕੀ ਲਗਾ ਕੇ ਅਮਰੀਕਾ ਜਾਂਦੇ ਫੜ੍ਹੇ ਗਏ, ਪਿਛਲੇ ਸਾਲ ਵੀ ਡਿਪੋਰਟ ਕੀਤੀ ਗਈ ਸੀ ਫਲਾਈਟ

ਨਿਊਯਾਰਕ- ਡੰਕੀ ਲਾ ਕੇ ਅਮਰੀਕਾ ’ਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ 130 ਭਾਰਤੀਆਂ ਨੂੰ ਪਨਾਮਾ ਤੋਂ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ। ਇਹ ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਬ੍ਰਾਜ਼ੀਲ ਅਤੇ ਸੂਰੀਨਾਮ ਦੇ ਜੰਗਲਾਂ ਹੁੰਦੇ ਹੋਏ ਅਮਰੀਕਾ ਜਾ ਰਹੇ ਸਨ। ਉਹਨਾਂ ਨੂੰ ਪਨਾਮਾ ਦੇਸ਼ ਦੀ ਪੁਲਸ ਵੱਲੋਂ ਡਿਪੋਰਟ ਕਰਕੇ ਫਲਾਈਟ ਜ਼ਰੀਏ ਨਵੀਂ ਦਿੱਲੀ(ਭਾਰਤ ) ਭੇਜਿਆ ਗਿਆ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪਨਾਮਾ ਨੇ ਦਿੱਲੀ ਲਈ ਡਿਪੋਰਟੇਸ਼ਨ ਫਲਾਈਟ ਰਾਹੀਂ 130 ਭਾਰਤੀਆਂ ਨੂੰ ਦੇਸ਼ ਨਿਕਾਲਾ (ਡਿਪੋਰਟ) ਦੇ ਕੇ ਵਾਪਸ ਭੇਜਿਆ ਹੈ। ਇਸ ਫਲਾਈਟ ਨੇ ਪਨਾਮਾ ਤੋਂ ਉਡਾਣ ਭਰੀ ਸੀ, ਹਾਲ ਹੀ ਦੇ ਸਾਲਾਂ ਵਿੱਚ ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਦੇਸ਼ ਤੋਂ ਦੇਸ਼ ਨਿਕਾਲਾ (ਡਿਪੋਰਟ ) ਕਰਕੇ ਭਾਰਤ ਉਡਾਣ ਭੇਜੀ ਗਈ ਹੋਵੇ।ਇੱਥੇ ਜ਼ਿਕਰਯੋਗ ਹੈ ਕਿ ਭਾਰਤੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਲਿਜਾ ਰਹੀ ਇਕ ਚਾਰਟਰ ਫਲਾਈਟ ਨੂੰ ਦਸੰਬਰ 2023 ’ਚ ਫਰਾਂਸ ’ਚ ਰੋਕ ਕੇ ਮੁੰਬਈ (ਭਾਰਤ ) ਵਾਪਸ ਲਿਆਂਦਾ ਗਿਆ ਸੀ ਪਰ ਫਿਰ ਸਾਰਾ ਮਾਮਲਾ ਠੰਡਾ ਪੈ ਗਿਆ ਸੀ। ਅਮਰੀਕਾ ਪਹੁੰਚਣ ਲਈ ਇਹ ਪ੍ਰਵਾਸੀ ਡੈਰੀਅਨ ਗੈਪ ਲਾਈਨ ਨੂੰ ਪਾਰ ਕਰਕੇ ਗੈਰ ਕਾਨੂੰਨੀ ਢੰਗ ਨਾਲ ਪਨਾਮਾ ਜਾਂਦੇ ਹਨ।ਹੁਣ ਅਮਰੀਕਾ ਨੇ ਅਜਿਹੇ ਪ੍ਰਵਾਸੀਆਂ ਨੂੰ ਮੈਕਸੀਕੋ ਪਹੁੰਚਣ ਤੋਂ ਰੋਕਣ ਲਈ ਜੁਲਾਈ ਮਹੀਨੇ ਵਿੱਚ ਪਨਾਮਾ ਨਾਲ ਮਿਲ ਕੇ ਇੱਕ ਸਮਝੌਤਾ ਮਿਸ਼ਨ ਸ਼ੁਰੂ ਕੀਤਾ ਹੈ। ਹੁਣ ਪਨਾਮਾ ਨੇ ਇਸ ਮਿਸ਼ਨ ਤਹਿਤ ਭਾਰਤ ਲਈ ਪਹਿਲੀ ਡਿਪੋਰਟੇਸ਼ਨ ਫਲਾਈਟ ਭੇਜੀ ਹੈ।ਸੂਤਰਾਂ ਦੀ ਮੰਨੀਏ ਤਾਂ ਪੰਜਾਬੀ,ਗੁਜਰਾਤੀ, ਹਰਿਆਣਵੀ ਸਮੇਤ ਭਾਰਤੀ ਸੂਰੀਨਾਮ ਜੰਗਲ ਪਾਰ ਕਰਕੇ ਅਤੇ ਬ੍ਰਾਜ਼ੀਲ ’ਚ ਉਤਰਨ ਤੋਂ ਬਾਅਦ ਪਨਾਮਾ ਦੇ ਰਸਤੇ ਅਮਰੀਕਾ ਜਾ ਰਹੇ ਸਨ, ਪਿਛਲੇ ਚਾਰ-ਪੰਜ ਮਹੀਨਿਆਂ ’ਚ ਬ੍ਰਾਜ਼ੀਲ ਜਾਣ ਵਾਲੇ ਭਾਰਤੀਆਂ ਦੀ ਗਿਣਤੀ ’ਚ ਵੀ ਕਾਫੀ ਵਾਧਾ ਹੋਇਆ ਸੀ।





# ਆਲੀਆ ਭੱਟ ਦੀ ਆਗਾਮੀ ਫ਼ਿਲਮ 'ਜਿਗਰਾ' ਦਾ ਟੀਜ਼ਰ ਰਿਲੀਜ਼




ਆਲੀਆ ਭੱਟ ਦੀ ਫਿਲਮ 'ਜਿਗਰਾ' ਦਾ ਟੀਜ਼ਰ ਅੱਜ ਲਾਂਚ ਕੀਤਾ ਗਿਆ। ਇਹ ਫਿਲਮ ਭੈਣ-ਭਰਾ ਦੀ ਜੋੜੀ ਦੀ ਜ਼ਿੰਦਗੀ 'ਤੇ ਆਧਾਰਿਤ ਹੈ, ਜੋ ਦੁਖਦਾਈ ਬਚਪਨ ਗੁਜ਼ਾਰਦੇ ਹਨ। ਟੀਜ਼ਰ ਦੀ ਸ਼ੁਰੂਆਤ 'ਚ ਆਲੀਆ ਇੱਕ ਬਾਰ 'ਚ ਬੈਠੀ ਹੁੰਦੀ ਹੈ। ਉਹ ਆਪਣੀ ਤੇ ਆਪਣੇ ਭਰਾ ਦੀ ਕਹਾਣੀ ਇਕ ਅੱਧਖੜ ਉਮਰ ਦੇ ਵਿਅਕਤੀ ਨੂੰ ਦੱਸਦੀ ਹੈ। ਉਹ ਦੱਸਦੀ ਹੈ ਕਿ ਉਨ੍ਹਾਂ ਦੇ ਮਾਪਿਆਂ ਦਾ ਛੋਟੀ ਉਮਰ ਵਿੱਚ ਹੀ ਦੇਹਾਂਤ ਹੋ ਗਿਆ ਸੀ। ਇੱਕ ਰਿਸ਼ਤੇਦਾਰ ਨੇ ਉਨ੍ਹਾਂ ਨੂੰ ਰਹਿਣ ਲਈ ਜਗ੍ਹਾ ਦਿੱਤੀ ਸੀ। ਉਸ ਨੇ ਦੋਵਾਂ 'ਤੇ ਕਾਫ਼ੀ ਮਾਨਸਿਕ ਤਸ਼ੱਦਦ ਕੀਤਾ। ਇੱਥੋਂ ਪਤਾ ਲੱਗਦਾ ਹੈ ਕਿ ਆਲੀਆ ਇਸ ਕੈਦ ਵਿੱਚੋਂ ਬਾਹਰ ਨਿਕਲ ਕੇ ਆਪਣੇ ਭਰਾ ਨੂੰ ਵੀ ਕੈਦ 'ਚੋਂ ਬਾਹਰ ਕੱਢਣ ਦੇ ਮਿਸ਼ਨ 'ਤੇ ਡਟੀ ਹੋਈ ਹੈ। ਟੀਜ਼ਰ ਦਾ ਬਿਰਤਾਂਤ 'ਫੂਲੋਂ ਕਾ ਤਾਰੋਂ ਕਾ' ਦੇ ਦੁਹਰਾਏ ਜਾ ਚੁੱਕੇ ਸੰਸਕਰਨ ਨਾਲ ਜੁੜਿਆ ਹੋਇਆ ਹੈ। ਵੇਦਾਂਗ ਰੈਨਾ ਇਸ ਫਿਲਮ ਵਿੱਚ ਆਲੀਆ ਦੇ ਭਰਾ ਦੀ ਭੂਮਿਕਾ ਨਿਭਾਅ ਰਿਹਾ ਹੈ। ਫਿਲਮ 'ਜਿਗਰਾ' ਰਸਲ ਕ੍ਰੋਅ ਦੀ ਅਦਾਕਾਰੀ ਵਾਲੀ ਫਿਲਮ 'ਦਿ ਨੈਕਸਟ ਥ੍ਰੀ ਡੇਜ਼' ਤੋਂ ਪ੍ਰੇਰਿਤ ਜਾਪਦੀ ਹੈ, ਜੋ ਕਿ ਖੁਦ ਫਰੇਡ ਕੈਵੇਏ ਦੀ ਫ੍ਰੈਂਚ ਫਿਲਮ 'ਪੋਰ ਈਲੀ' ਤੋਂ ਪ੍ਰੇਰਿਤ ਸੀ। ਫਿਲਮ ਦਾ ਨਿਰਦੇਸ਼ਨ 'ਮੋਨਿਕਾ, ਓ ਮਾਈ ਡਾਰਲਿੰਗ' ਫੇਮ ਵਸਨ ਬਾਲਾ ਨੇ ਕੀਤਾ ਹੈ। ਧਰਮਾ ਪ੍ਰੋਡਕਸ਼ਨ ਦੀ ਫਿਲਮ 'ਜਿਗਰਾ' 11 ਅਕਤੂਬਰ ਨੂੰ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ।



# ਦੀਪਿਕਾ ਤੇ ਰਣਵੀਰ ਦੇ ਘਰ ਆਈ ਨੰਨ੍ਹੀ ਪਰੀ

ਬੌਲੀਵੁੱਡ ਦੀ ਸਟਾਰ ਜੋੜੀ ਦੀਪਿਕਾ ਪਾਦੂਕੋਨ ਤੇ ਰਣਵੀਰ ਸਿੰਘ ਦੇ ਘਰ ਅੱਜ ਧੀ ਨੇ ਜਨਮ ਲਿਆ ਹੈ। ਇਹ ਇਸ ਜੋੜੇ ਦਾ ਪਹਿਲਾ ਬੱਚਾ ਹੈ। 'ਰਾਮਲੀਲਾ', 'ਬਾਜੀਰਾਓ ਮਸਤਾਨੀ' ਤੇ '83' ਜਿਹੀਆਂ ਫ਼ਿਲਮਾਂ ਵਿਚ ਇਕੱਠਿਆਂ ਨਜ਼ਰ ਆਈ ਇਸ ਜੋੜੀ ਨੇ ਇਕ ਸਾਂਝੀ ਇੰਸਟਾਗ੍ਰਾਮ ਪੋਸਟ ਰਾਹੀਂ ਘਰ ਵਿਚ ਧੀ ਦੇ ਆਉਣ ਦੀ ਖ਼ੁਸ਼ੀ ਸਾਂਝੀ ਕੀਤੀ। ਉਨ੍ਹਾਂ ਲਿਖਿਆ, ''ਵੈਲਕਮ ਬੇਬੀ ਗਰਲ! 8.9.2024।'' ਦੀਪਿਕਾ ਨੂੰ ਸ਼ਨਿੱਚਰਵਾਰ ਨੂੰ ਮੁੰਬਈ ਦੇ ਨਿੱਜੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਇਸ ਦੌਰਾਨ ਆਲੀਆ ਭੱਟ, ਅਰਜੁਨ ਕਪੂਰ ਤੇ ਅਨੰਨਿਆ ਪਾਂਡੇ ਸਣੇ ਫ਼ਿਲਮ ਇੰਡਸਟਰੀ ਦੇ ਕਈ ਸਹਿ-ਕਰਮੀਆਂ ਨੇ ਦੀਪਿਕਾ ਤੇ ਰਣਵੀਰ ਨੂੰ ਸੋਸ਼ਲ ਮੀਡੀਆ 'ਤੇ ਵਧਾਈ ਦਿੱਤੀ ਹੈ। ਭੱਟ ਨੇ ਇਸ ਜੋੜੇ ਦੀ ਪੋਸਟ ਦੇ ਕੁਮੈਂਟਸ ਸੈਕਸ਼ਨ ਵਿਚ ਲੜੀਵਾਰ ਦਿਲ ਤੇ ਜਸ਼ਨਾਂ ਵਾਲੀ ਇਮੋਜੀ'ਜ਼ ਸਾਂਝੀਆਂ ਕੀਤੀਆਂ। ਅਰਜੁਨ ਕਪੂਰ ਨੇ ਕਿਹਾ, ''ਲਕਸ਼ਮੀ ਆਈ ਹੈ!!! ਰਾਣੀ ਇਥੇ ਹੈ।'' ਅਨੰਨਿਆ ਪਾਂਡੇ ਨੇ ਲਿਖਿਆ, ''ਬੇਬੀ ਗਰਲ! ਮੁਬਾਰਕਾਂ।'' ਸ਼੍ਰਧਾ ਕਪੂਰ, ਕ੍ਰਿਤੀ ਸੈਨਨ, ਸ਼ਰਵਰੀ, ਸੋਨਾਕਸ਼ੀ ਸਿਨਹਾ ਤੇ ਸੰਜੇ ਕਪੂਰ ਸਣੇ ਕੁਝ ਹੋਰ ਫ਼ਿਲਮੀ ਹਸਤੀਆਂ ਨੇ ਨਵੇਂ ਬਣੇ ਮਾਪਿਆਂ ਨੂੰ ਵਧਾਈ ਦਿੱਤੀ।

# ਪੱਕਾ ਪੰਜਾਬੀ ਐਮੀ ਵਿਰਕ



ਗਾਇਕ ਅਤੇ ਅਦਾਕਾਰ ਐਮੀ ਵਿਰਕ ਨੇ ਆਪਣੀ ਹਾਲੀਆ ਬੌਲੀਵੁੱਡ ਫਿਲਮ 'ਖੇਲ ਖੇਲ ਮੇਂ' ਨਾਲ ਦਰਸ਼ਕਾਂ 'ਤੇ ਵਿਸ਼ੇਸ਼ ਛਾਪ ਛੱਡੀ ਹੈ। ਉਸ ਦਾ ਕਹਿਣਾ ਹੈ ਕਿ ਪੰਜਾਬੀ ਫਿਲਮ ਉਦਯੋਗ ਨੂੰ ਬਿਹਤਰ ਪ੍ਰਬੰਧਨ ਤੇ ਵੱਡੇ ਬਜਟ ਦੀ ਲੋੜ ਹੈ।ਜੇਕਰ ਤੁਹਾਨੂੰ ਕਦੇ ਐਮੀ ਵਿਰਕ ਨਾਲ ਬੈਠਣ ਦਾ ਮੌਕਾ ਮਿਲੇ, ਤਾਂ ਜਲਦੀ ਹੀ ਤੁਹਾਨੂੰ ਅਹਿਸਾਸ ਹੋ ਜਾਵੇਗਾ ਕਿ ਉਹ ਵਿਲੱਖਣ ਅਦਾਕਾਰ ਹੈ। ਨਿਮਰਤਾ ਤੇ ਟੀਚੇ ਮਿੱਥਣ ਦਾ ਦੁਰਲੱਭ ਸੁਮੇਲ ਉਸ ਨੂੰ ਬਾਕੀਆਂ ਨਾਲੋਂ ਵੱਖਰਾ ਕਰਦਾ ਹੈ। ਸਾਡੀ ਇਸ ਗੱਲਬਾਤ ਦੌਰਾਨ, ਜਿਹੜੀ ਚੀਜ਼ ਨੇ ਮੈਨੂੰ ਸਭ ਤੋਂ ਵੱਧ ਟੁੰਬਿਆ, ਉਹ ਸੀ ਉਸ ਵੱਲੋਂ ਖ਼ਰੀ ਗੱਲ ਕਰਨਾ ਅਤੇ ਸਹਿਯੋਗ ਨੂੰ ਸਭ ਤੋਂ ਵੱਧ ਤਰਜੀਹ ਦੇਣਾ। ਇਹ ਅਜਿਹੇ ਗੁਣ ਹਨ ਜੋ ਪੰਜਾਬੀ ਤੇ ਬੌਲੀਵੁੱਡ ਸਿਨੇਮਾ ਪ੍ਰਤੀ ਉਸ ਦੀ ਪਹੁੰਚ ਨੂੰ ਪਰਿਭਾਸ਼ਿਤ ਕਰਦੇ ਹਨ।ਐਮੀ ਵਿਰਕ ਨਾ ਸਿਰਫ਼ ਫਿਲਮ ਉਦਯੋਗ ਵਿੱਚ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ, ਬਲਕਿ ਅਰਥਪੂਰਨ ਸੂਖਮਤਾ ਨਾਲ ਇਨ੍ਹਾਂ ਨੂੰ ਆਕਾਰ ਵੀ ਦੇ ਰਿਹਾ ਹੈ। ਚਾਹੇ ਉਹ ਆਪਣੀ ਹਾਲੀਆ ਫਿਲਮ 'ਖੇਲ ਖੇਲ ਮੇਂ' ਵਿੱਚ ਆਪਣੇ ਰੋਲ ਬਾਰੇ ਚਰਚਾ ਕਰ ਰਿਹਾ ਹੋਵੇ ਜਾਂ 'ਬੈਡ ਨਿਊਜ਼' ਦੀ ਸਫਲਤਾ 'ਤੇ ਝਾਤ ਮਾਰ ਰਿਹਾ ਹੋਵੇ, ਐਮੀ ਆਪਣੀ ਕਲਾ ਪ੍ਰਤੀ ਪੂਰਾ ਉਤਸ਼ਾਹ ਜ਼ਾਹਿਰ ਕਰਦਾ ਦਿਖਾਈ ਦਿੰਦਾ ਹੈ। ਐਮੀ ਉਤਸ਼ਾਹ ਨਾਲ ਦੱਸਦਾ ਹੈ, ''ਇਹ ਫਿਲਮ, ਜੋ ਕਿ ਇਟਾਲੀਅਨ ਫਿਲਮ 'ਦਿ ਪਰਫੈਕਟ ਸਟਰੇਂਜਰ' ਦਾ ਰੂਪਾਂਤਰ ਹੈ, ਜੋ ਇੱਕ ਡਾਇਨਿੰਗ ਟੇਬਲ ਤੇ ਸੋਫੇ 'ਤੇ ਫਿਲਮਾਈ ਗਈ ਹੈ ਜਿਸ 'ਤੇ ਅਸੀਂ ਬੈਠੇ ਹਾਂ। 85 ਪ੍ਰਤੀਸ਼ਤ ਫਿਲਮ ਇੱਕ ਰਾਤ ਜਾਂ ਅਸੀਂ ਕਹਿ ਸਕਦੇ ਹਾਂ ਕਿ ਦੋ ਦਿਨਾਂ ਦੀ ਕਹਾਣੀ ਹੈ। ਇਹ ਬਹੁਤ ਮਨੋਰੰਜਕ ਹੈ। ਹਾਲਾਂਕਿ ਫਿਲਮ ਦਾ ਵਿਚਾਰ ਇੱਕ ਇਟਾਲੀਅਨ ਫਿਲਮ ਵਿੱਚੋਂ ਲਿਆ ਗਿਆ ਹੈ, ਪਰ 'ਖੇਲ ਖੇਲ ਮੇਂ' ਨੂੰ ਇਸ ਤਰ੍ਹਾਂ ਸ਼ੂਟ ਕੀਤਾ ਗਿਆ ਹੈ ਕਿ ਇਹ ਭਾਰਤੀ ਸੱਭਿਆਚਾਰ ਨਾਲ ਮੇਲ ਖਾਂਦੀ ਹੋਵੇ।'' ਅਕਸ਼ੈ ਕੁਮਾਰ, ਤਾਪਸੀ ਪਨੂੰ ਤੇ ਫਰਦੀਨ ਖਾਨ ਜਿਹੇ ਕਈ ਵੱਡੇ ਅਦਾਕਾਰ ਇਸ ਫਿਲਮ ਦਾ ਹਿੱਸਾ ਹਨ।ਆਪਣੀ ਹਾਲੀਆ ਸਫਲਤਾ ਦੀ ਗੱਲ ਕਰਦਿਆਂ ਐਮੀ ਕਹਿੰਦਾ ਹੈ, ''ਸਰੋਤਿਆਂ ਨੇ 'ਬੈਡ ਨਿਊਜ਼' ਕਾਫ਼ੀ ਪਸੰਦ ਕੀਤੀ ਹੈ। ਬੌਲੀਵੁੱਡ 'ਚ ਪ੍ਰਮੁੱਖ ਅਦਾਕਾਰ ਵਜੋਂ ਇਹ ਮੇਰੀ ਪਹਿਲੀ ਫਿਲਮ ਸੀ ਤੇ ਇਸ ਨੂੰ ਟਿਕਟ ਖਿੜਕੀ 'ਤੇ 100 ਕਰੋੜ ਰੁਪਏ ਤੋਂ ਵੱਧ ਦਾ ਕਾਰੋਬਾਰ ਕਰਦਿਆਂ ਦੇਖਣਾ ਇੱਕ ਸ਼ਾਨਦਾਰ ਅਹਿਸਾਸ ਸੀ। ਸਹਿ-ਅਦਾਕਾਰ ਵਿਕੀ ਕੌਸ਼ਲ ਤੇ ਤ੍ਰਿਪਤੀ ਦਿਮਰੀ ਨਾਲ ਕੰਮ ਕਰਨਾ ਬਹੁਤ ਵਧੀਆ ਸੀ।'' ਐਮੀ ਹੁਣ 'ਸੌਂਕਣ ਸੌਂਕਣੇ 2' ਤੇ 'ਨਿੱਕਾ ਜ਼ੈਲਦਾਰ 4' ਦੀ ਸ਼ੂਟਿੰਗ ਮੁੜ ਤੋਂ ਸ਼ੁਰੂ ਕਰਨ ਵਾਲਾ ਹੈ। ਉਹ ਗਿੱਪੀ ਗਰੇਵਾਲ ਨਾਲ ਆਪਣੇ ਅਗਲੇ ਪ੍ਰਾਜੈਕਟ 'ਸਰਬਾਲਾ ਜੀ' ਨੂੰ ਲੈ ਕੇ ਉਤਸ਼ਾਹਿਤ ਹੈ। ਉਸ ਨੇ ਕਿਹਾ, ''ਹੁਣ ਤੱਕ ਸਾਲ ਬਹੁਤ ਵਧੀਆ ਰਿਹਾ ਹੈ ਤੇ ਮੈਨੂੰ ਆਸ ਹੈ ਕਿ ਅਗਲਾ ਇਸ ਤੋਂ ਵੀ ਵੱਡਾ ਹੋਵੇਗਾ।''ਐਮੀ ਦੀਆਂ ਆਪਣੀਆਂ ਪੰਜਾਬੀ ਫਿਲਮਾਂ ਬਾਰੇ ਗੱਲ ਕਰਨ 'ਤੇ ਉਹ ਭਾਸ਼ਾ ਤੇ ਪੰਜਾਬੀ ਫਿਲਮ ਸਨਅਤ ਪ੍ਰਤੀ ਆਪਣੇ ਜਨੂੰਨ ਨੂੰ ਪ੍ਰਗਟ ਕਰਦਾ ਹੈ। ਉਹ ਮੰਨਦਾ ਹੈ ਕਿ ਪੰਜਾਬੀ ਫਿਲਮ ਉਦਯੋਗ ਨੇ ਤਰੱਕੀ ਕੀਤੀ ਹੈ, ਪਰ ਨਾਲ ਹੀ ਇਹ ਵੀ ਸਵੀਕਾਰਦਾ ਹੈ ਕਿ ਅਜੇ ਵੀ ਕਾਫ਼ੀ ਗੁੰਜਾਇਸ਼ ਹੈ। 'ਕੈਰੀ ਆਨ ਜੱਟਾ 3' ਅਤੇ 'ਜੱਟ ਐਂਡ ਜੂਲੀਅਟ 3' ਦੀ ਹਾਲੀਆ ਸਫਲਤਾ ਦਾ ਹਵਾਲਾ ਦਿੰਦਿਆਂ ਐਮੀ ਕਹਿੰਦਾ ਹੈ, ''ਪੰਜਾਬੀ ਫਿਲਮਾਂ ਨੇ ਦਰਸ਼ਕਾਂ 'ਤੇ ਆਪਣੀ ਛਾਪ ਛੱਡੀ ਹੈ। ਹੌਲੀ-ਹੌਲੀ ਫਿਲਮਾਂ ਵੱਡੇ ਬਜਟ ਵੱਲ ਵਧ ਰਹੀਆਂ ਹਨ।'' ਦੋਵਾਂ ਫਿਲਮਾਂ ਨੇ 100 ਕਰੋੜ ਰੁਪਏ ਤੋਂ ਵੱਧ ਦਾ ਕਾਰੋਬਾਰ ਕੀਤਾ ਹੈ। ਉਸ ਨੂੰ ਆਸ ਹੈ ਕਿ ਆਉਣ ਵਾਲੇ ਸਮੇਂ 'ਚ ਪੰਜਾਬੀ ਫਿਲਮਾਂ 200 ਤੇ 250 ਕਰੋੜ ਰੁਪਏ ਦੇ ਪੱਧਰ ਨੂੰ ਵੀ ਪਾਰ ਕਰਨਗੀਆਂ। ਪੰਜਾਬੀ ਫਿਲਮਾਂ ਲਈ ਅਜਿਹੇ ਕਿਹੜੇ ਵਿਸ਼ੇ ਹਨ ਜਿਨ੍ਹਾਂ ਨੂੰ ਛੂਹਿਆ ਜਾ ਸਕਦਾ ਹੈ, 'ਤੇ ਉਹ ਕਹਿੰਦਾ ਹੈ, ''ਸਾਨੂੰ ਹੋਰ ਜ਼ਿਆਦਾ ਐਕਸ਼ਨ ਫਿਲਮਾਂ ਬਣਾਉਣੀਆਂ ਚਾਹੀਦੀਆਂ ਹਨ ਤੇ ਅਜਿਹੀਆਂ ਫਿਲਮਾਂ ਵੀ ਹੋ ਸਕਦੀਆਂ ਹਨ ਜੋ ਸਾਡੇ ਅਮੀਰ ਇਤਿਹਾਸ ਨੂੰ ਦਰਸਾਉਂਦੀਆਂ ਹੋਣ।''ਐਮੀ ਪੰਜਾਬੀ ਸਿਨੇਮਾ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵੀ ਖੁੱਲ੍ਹ ਕੇ ਗੱਲ ਕਰਦਾ ਹੈ। ਉਹ ਕਹਿੰਦਾ ਹੈ ਕਿ ਬਿਹਤਰ ਪ੍ਰਬੰਧਕੀ ਢਾਂਚੇ ਦੀ ਲੋੜ ਹੈ ਅਤੇ ਸਨਅਤ ਦੇ ਅੰਦਰੋਂ ਹੀ ਇੱਕ ਸਹਾਇਕ ਢਾਂਚਾ ਵੀ ਉਸਰਨਾ ਚਾਹੀਦਾ ਹੈ। ਉਹ ਕਹਿੰਦਾ ਹੈ, ''ਇੱਥੇ ਕੋਈ ਐਸੋਸੀਏਸ਼ਨ ਨਹੀਂ ਹੈ, ਨਾਇਕ ਤੇ ਨਾਇਕਾਵਾਂ ਵੀ ਗਿਣਤੀ ਦੇ ਹੀ ਹਨ।'' ਐਮੀ ਵਿਰਕ ਦਾ ਮੰਨਣਾ ਹੈ ਕਿ ਫਿਲਮ ਸਨਅਤ ਤੇ ਸਰੋਤਿਆਂ, ਦੋਵਾਂ ਨੂੰ ਨਵੇਂ ਕਲਾਕਾਰਾਂ ਅਤੇ ਪ੍ਰਾਜੈਕਟਾਂ ਦੇ ਵਿਕਾਸ ਵਿੱਚ ਹਿੱਸਾ ਪਾਉਣ ਦੀ ਲੋੜ ਹੈ। ਵਿਰਕ ਨੇ ਹਾਲ ਹੀ ਵਿੱਚ ਰਿਲੀਜ਼ ਫਿਲਮ 'ਰੋਡੇ ਕਾਲਜ' ਦੀ ਮਿਸਾਲ ਦਿੰਦਿਆਂ ਕਿਹਾ, ''ਇਸ ਫਿਲਮ ਨੂੰ ਵੀ ਬਾਕੀ ਵੱਡੇ ਬਜਟ ਦੀਆਂ ਫਿਲਮਾਂ ਵਾਂਗ ਸਰੋਤਿਆਂ ਦੇ ਸਾਥ ਦੀ ਲੋੜ ਹੈ।

# ਐਮਰਜੈਂਸੀ ਫਿਲਮ ਦਾ ਸਿੱਖ ਪੰਥ ਵਲੋਂ ਵਿਰੋਧ ਕਿਉਂ ?

ਲੇਖਕ : ਬਘੇਲ ਸਿੰਘ ਧਾਲੀਵਾਲ
ਸੰਪਰਕ : 99142-58142



ਜਦੋ ਐਮਰਜੈਂਸੀ ਦਾ ਨਾਮ ਚਰਚਾ ਵਿੱਚ ਆਉਂਦਾ ਹੈ ਤਾਂ ਝੱਟ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਆਪਣੇ ਵਿਰੋਧ ਨੂੰ ਦਬਾਉਣ ਲਈ 1975 ਵਿੱਚ ਲਾਈ ਗਈ ਐਮਰਜੈਂਸੀ ਜਿਹਨ ਵਿੱਚ ਆ ਜਾਂਦੀ ਹੈ ਅਤੇ ਉਸ ਐਮਰਜੈਂਸੀ ਸਮੇ ਸਿੱਖਾਂ ਨੇ ਜਿਹੜੀ ਜਮਹੂਰੀਅਤ ਪ੍ਰਸਤੀ ਵਾਲੀ ਭੂਮਿਕਾ ਅਦਾ ਕੀਤੀ ਸੀ,ਉਹਦੇ ਤੋਂ ਭਾਰਤ ਮੁਲਕ ਦੇ ਲੋਕਾਂ ਨੂੰ ਸਿੱਖਾਂ 'ਤੇ ਮਾਣ ਹੋਣਾ ਚਾਹੀਦਾ ਸੀ,ਪਰ ਅਜਿਹਾ ਹੋਇਆ ਨਹੀਂ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਸ ਮੌਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਇਹ ਬੇਨਤੀਆਂ ਵੀ ਕੀਤੀਆਂ ਸਨ ਕਿ ਉਹ ਜੋ ਚਾਹੁਣ ਪੰਜਾਬ ਦੇ ਲਈ ਕੇਂਦਰ ਸਰਕਾਰ ਤੋਂ ਲੈ ਸਕਦੇ ਹਨ,ਪਰ ਉਹ ਮੇਰੇ ਵਿਰੋਧ ਵਿੱਚ ਖੜੇ ਨਾ ਹੋਣ,ਭਾਵ ਐਮਰਜੈਂਸੀ ਦਾ ਵਿਰੋਧ ਨਾ ਕਰਨ,ਪਰ ਸਿੱਖ ਆਗੂਆਂ ਨੇ ਉਸ ਮੌਕੇ ਆਪਣੇ ਸੂਬੇ ਦੇ ਹਿਤਾਂ ਨੂੰ ਦਰ-ਕਿਨਾਰ ਕਰਕੇ ਜਨਸੰਘ ਦੇ ਆਖੇ ਲੱਗ ਕੇ ਐਮਰਜੈਂਸੀ ਖਿਲਾਫ ਮੋਰਚਾ ਲਾ ਦਿੱਤਾ,ਸਿੱਖਾਂ ਵੱਲੋਂ ਲਾਏ ਮੋਰਚੇ ਕਾਰਨ ਮਜਬੂਰ ਹੋ ਕੇ ਇੰਦਰਾ ਗਾਂਧੀ ਨੂੰ ਐਮਰਜੈਸੀ ਹਟਾਉਣੀ ਪਈ ਸੀ।

ਇਹੋ ਕਾਰਨ ਸੀ ਕਿ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਸਮੇਤ ਕੋਈ ਤਿੰਨ ਦਰਜਨ ਤੋ ਵੱਧ ਇਤਿਹਾਸਿਕ ਗੁਰਦੁਆਰਾ ਸਾਹਿਬਾਨਾਂ ਤੇ ਫੌਜੀ ਹਮਲਾ ਕਰਵਾਇਆ।ਇਹ ਕੈਸੀ ਅਕ੍ਰਿਤਘਣਤਾ ਸੀ ਕਿ ਜਿਹੜੀ ਜਨ ਸੰਘ ਦੇ ਪਿੱਛੇ ਲੱਗ ਕੇ ਅਕਾਲੀਆਂ ਨੇ ਐਮਰਜੈਂਸੀ ਖਿਲਾਫ ਮੋਰਚਾ ਲਾਇਆ ਸੀ,ਉਯਹੀ ਜਨ ਸੰਘ ਦੇ ਆਗੂਆਂ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਮਜਬੂਰ ਕੀਤਾ।ਕਹਿਣ ਤੋਂ ਭਾਵ ਹੈ ਇਸ ਮੁਲਕ ਨੇ ਸਿੱਖਾਂ ਨਾਲ ਕਦੇ ਵੀ ਨਿਆਂ ਨਹੀ ਕੀਤਾ,ਬਲਕਿ ਸਿੱਖਾਂ ਦੇ ਅਹਿਸਾਨਮੰਦ ਰਹਿਣ ਦੀ ਬਜਾਏ ਸਿੱਖਾਂ ਨੂੰ ਦੁਨੀਆਂ ਪੱਧਰ ਉਪਰ ਬਦਨਾਮ ਕਰਨ ਦੇ ਝੂਠੇ ਮੌਕੇ ਵੀ ਖੁੰਝਣ ਨਹੀਂ ਦਿੱਤੇ।ਕੇਂਦਰ ਦੀ ਏਸੇ ਸਿੱਖ ਵਿਰੋਧੀ ਕੜੀ ਦਾ ਹਿੱਸਾ ਭਾਰਤੀ ਸਿਨੇਮਾ ਵੀ ਬਣਦਾ ਆ ਰਿਹਾ ਹੈ। ਇਸ ਕਰਕੇ ਹੀ ਭਾਰਤੀ ਸਿਨੇਮਾ ਅਕਸਰ ਵਿਵਾਦ ਪੂਰਨ ਚਰਚਾ ਵਿੱਚ ਰਹਿੰਦਾ ਹੈ।ਬੀਤੇ ਦਿਨੀਂ ਕੰਗਣਾ ਰਾਣੌਤ ਦੀ ਫਿਲਮ ਐਮਰਜੈਂਸੀ ਦੇ ਟਰੇਲਰ ਨੇ ਸਪੱਸਟ ਕਰ ਦਿੱਤਾ ਹੈ ਕਿ ਇਹ ਫਿਲਮ ਕਿਹੜੀ ਸੋਚ ਨਾਲ ਬਣਾਈ ਗਈ ਹੈ।ਫਿਲਮ ਨੂੰ ਬਨਾਉਣ ਵਿੱਚ ਕਿਹੜੀਆਂ ਤਾਕਤਾਂ ਦੀ ਅਹਿਮ ਭੂਮਿਕਾ ਰਹੀ ਹੈ ਅਤੇ ਫਿਲਮ ਚਲਾਉਣ ਲਈ ਉਨ੍ਹਾਂ ਦੀ ਭੂਮਿਕਾ ਕਿਹੋ ਜਿਹੀ ਹੋਵੇਗੀ।ਇਹ ਕੋਈ ਅਸਪਸ਼ਟ ਵਰਤਾਰਾ ਨਹੀਂ ਬਲਕਿ ਸਾਰਾ ਕੁੱਝ ਸਪਸ਼ਟ ਅਤੇ ਪਰਤੱਖ ਰੂਪ ਵਿੱਚ ਵਾਪਰਨ ਵਾਲਾ ਹੈ,ਪਰ ਇਸ ਫਿਲਮ ਰਾਹੀਂ ਇੱਕ ਵਾਰ ਫਿਰ ਪੰਜਾਬ ਦੀ ਸ਼ਾਂਤ ਫਿਜ਼ਾ ਵਿੱਚ ਨਫਰਤ ਦੀ ਜ਼ਹਿਰ ਘੋਲਣ ਦੇ ਯਤਨ ਕੀਤੇ ਜਾ ਰਹੇ ਹਨ।ਇਹ ਵੀ ਸਪੱਸ਼ਟ ਹੈ ਕਿ ਜਿਸਤਰ੍ਹਾਂ ਇਸ ਦੇ ਟਰੇਲਰ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਦਾ ਰੁਤਬਾ ਪਾਉਣ ਵਾਲੀ ਸ਼ਖਸ਼ੀਅਤ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਕਿਰਦਾਰਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ,ਉਹਨੂੰ ਸਿੱਖ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੇ।ਫਿਲਮ ਦੇ ਟਰੇਲਰ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਸੈਂਸਰ ਬੋਰਡ ਅਤੇ ਕੰਗਣਾ ਰਾਣੌਤ ਸਮੇਤ ਭਾਰਤੀ ਸਿਸਟਮ ਨੇ ਸਿੱਖਾਂ ਪ੍ਰਤੀ ਕਿੰਨੀ ਨਫਰਤ ਪਾਲ਼ੀ ਹੋਈ ਹੈ। ਸਿੱਖ ਸੰਘਰਸ਼ ਜਾਂ ਸਿੱਖ ਯੋਧਿਆਂ ਦੀ ਜਿੰਦਗੀ ਤੇ ਬਣੀਆਂ ਫਿਲਮਾਂ ਵਿੱਚ ਇਹੋ ਸੈਂਸਰ ਬੋਰਡ ਦਰਜਨਾਂ ਸੀਨ ਕਟਵਾ ਦਿੰਦਾ ਹੈ,ਜਾਂ ਕਈ ਫਿਲਮਾਂ ਤੇ ਪਾਬੰਦੀ ਹੀ ਲਾ ਦਿੰਦਾ ਹੈ,ਪਰ ਕੰਗਣਾ ਦੀ ਫਿਲਮ ਬਗੈਰ ਕੁੱਝ ਦੇਖੇ ਝੱਟ ਹੀ ਪਾਸ ਕਰ ਦਿੱਤੀ,ਜਿਸ ਤੋ ਇੰਜ ਪਰਤੀਤ ਹੁੰਦਾ ਹੈ,ਜਿਵੇਂ ਇਹ ਫਿਲਮ ਬੜੀ ਸੋਚੀ ਸਮਝੀ ਸਾਜਿਸ਼ ਤਹਿਤ ਹੀ ਬਣਾਈ ਗਈ ਹੈ।


ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜੇ ਸਿੱਖਾਂ ਨੇ ਆਪਣੇ ਹੱਕਾਂ, ਹਿਤਾਂ ਨੂੰ ਕੁਰਬਾਨ ਕਰਕੇ ਐਮਰਜੈਂਸੀ ਮੌਕੇ ਭਾਰਤੀ ਲੋਕਾਂ ਦਾ ਸਾਥ ਦਿੱਤਾ,ਉਸੇ ਦੌਰ ਦੇ ਵਿਰੋਧ ਵਿੱਚ ਕੰਗਣਾ ਰਾਣੌਤ ਵੱਲੋਂ ਬਣਾਈ ਫਿਲਮ ਵਿੱਚ ਸਿੱਖਾਂ ਦੀ ਅਸਲ ਭੂਮਿਕਾ ਦਿਖਾਉਣ ਦੀ ਬਜਾਏ ਉਹਨਾਂ ਦੀ ਕਿਰਦਾਰਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਹਰਕਤ ਨੂੰ ਕੰਗਣਾ ਦੀ ਬੇਸਮਝੀ ਤਾਂ ਨਹੀ ਕਿਹਾ ਜਾ ਸਕਦਾ,ਬਲਕਿ ਇੱਕ ਸੋਚੀ ਸਮਝੀ ਸਾਜਿਸ਼ ਜਰੂਰ ਕਿਹਾ ਜਾ ਸਕਦਾ ਹੈ। ਕੰਗਣਾ, ਕਿਸਾਨੀ ਅੰਦੋਲਨ ਦੌਰਾਨ ਪੰਜਾਬ ਦੇ ਕਿਸਾਨਾਂ ਅਤੇ ਪੰਜਾਬ ਦੀਆਂ ਔਰਤਾਂ ਪ੍ਰਤੀ ਦਿੱਤੇ ਨਫਰਤੀ ਬਿਆਨ ਤੋ ਬਾਅਦ ਜ਼ਿਆਦਾ ਚਰਚਾ ਵਿੱਚ ਆਈ ਸੀ।ਉਸ ਮੌਕੇ ਇਸਦੇ ਵੱਲੋਂ ਕਿਸਾਨਾਂ ਅਤੇ ਪੰਜਾਬ ਦੀਆਂ ਔਰਤਾਂ ਪ੍ਰਤੀ ਜਿਸਤਰ੍ਹਾਂ ਦੀ ਸਬਦਾਵਲੀ ਵਰਤੀ ਗਈ,ਉਹਦੇ ਤੋਂ ਕਈ ਗੱਲਾਂ ਸਪੱਸ਼ਟ ਹੋ ਗਈਆਂ ਸਨ।ਇੱਕ ਤਾਂ ਇਹ ਕਿ ਕੰਗਣਾ ਕੋਈ ਕਲਾਕਾਰ ਜਾਂ ਅਭਿਨੇਤਰੀ ਨਹੀਂ ਬਲਕਿ ਉਹ ਇੱਕ ਖਾਸ ਮਿਸ਼ਨ ਦੀ ਪੂਰਤੀ ਕਈ ਕੰਮ ਕਰਨ ਵਾਲੀ ਕਾਰਕੁਨ ਹੈ,ਜਿਸ ਦਾ ਕੰਮ ਨਫਰਤ ਫੈਲਾ ਕੇ ਵੱਖ ਵੱਖ ਫਿਰਕਿਆਂ ਦੀ ਭਾਈਚਾਰਕ ਸਾਂਝ ਨੂੰ ਤੋੜਨਾ ਹੈ,ਤਾਂ ਕਿ ਚੋਣਾਂ ਮੌਕੇ ਉਸ ਦਾ ਲਾਭ ਸਿੱਧੇ ਰੂਪ ਵਿੱਚ ਉਨ੍ਹਾਂ ਤਾਕਤਾਂ ਨੂੰ ਮਿਲ ਸਕੇ,ਜਿੰਨਾਂ ਦੇ ਮਿਸ਼ਨ ਨੂੰ ਉਹ ਅੱਗੇ ਵਧਾ ਰਹੀ ਹੈ। ਦੂਜਾ ਉਸਦਾ ਮੁੱਖ ਮਕਸਦ ਅਜਿਹੀ ਨਫਰਤ ਫੈਲਾ ਕੇ ਸਿਆਸਤ ਵਿੱਚ ਆਪਣੇ ਪੈਰ ਜਮਾਉਣਾ ਸੀ,ਜਿਸ ਵਿੱਚ ਉਹ ਕਾਫੀ ਹੱਦ ਤੱਕ ਕਾਮਯਾਬ ਵੀ ਹੋ ਚੁੱਕੀ ਹੈ।ਕੰਗਣਾ ਇਹ ਗੱਲ ਬਹੁਤ ਚੰਗੀ ਤਰ੍ਹਾਂ ਸਮਝਦੀ ਸੀ ਕਿ ਉਹ ਬਤੌਰ ਕਲਾਕਾਰ/ ਅਭਿਨੇਤਰੀ ਸਫਲ ਨਹੀ ਹੋ ਸਕਦੀ ਇਸ ਲਈ ਉਹਦਾ ਗੈਰ ਹਿੰਦੂ ਲੋਕਾਂ ਪ੍ਰਤੀ ਨਫਰਤ ਵਾਲਾ ਰਵੱਈਆ ਉਹਨੂੰ ਲੀਡਰ ਜਰੂਰ ਬਣਾ ਸਕਦਾ ਹੈ।ਇਸ ਲਈ ਉਹਨੇ ਨਫਰਤ ਵਾਲਾ ਰਾਹ ਚੁਨਣ ਨੂੰ ਤਰਜੀਹ ਦਿੱਤੀ ਹੈ,ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਹ ਅਠਾਰਵੀਂ ਲੋਕ ਸਭਾ ਲਈ ਹਿਮਾਚਲ ਪਰਦੇਸ ਤੋ ਮੈਂਬਰ ਪਾਰਲੀਮੈਂਟ ਚੁਣੀ ਗਈ।ਮੈਂਬਰ ਪਾਰਲੀਮੈਂਟ ਬਣਦਿਆਂ ਜਿਸਤਰ੍ਹਾਂ ਚੰਡੀਗੜ੍ਹ ਦੇ ਏਅਰ ਪੋਰਟ ਤੇ ਥੱਪੜ ਖਾਣ ਦੇ ਬਾਵਜੂਦ ਉਸ ਘਟਨਾ ਤੋ ਸਬਕ ਲੈਣ ਦੀ ਬਜਾਏ ਉਹਨੇ ਫਿਰ ਸਿੱਖਾਂ ਅਤੇ ਪੰਜਾਬ ਦੇ ਖਿਲਾਫ ਜਹਿਰ ਉਗਲ ਕੇ ਆਪਣੀ ਤੰਗ ਦਿਲੀ ਸੋਚ ਦਾ ਪ੍ਰਗਟਾਵਾ ਕੀਤਾ।ਉਹਦੀ ਉਸ ਹਰਕਤ ਨੇ ਪੰਜਾਬੀਆਂ ਅਤੇ ਹਿਮਾਚਲੀਆਂ ਦਰਮਿਆਨ ਇੱਕ ਦਰਾੜ ਪੈਦਾ ਕਰ ਦਿੱਤੀ ਹੈ,ਜਿਹੜੀ ਭਾਈਚਾਰਕ ਸਾਂਝਾਂ ਲਈ ਵੱਡਾ ਖਤਰਾ ਬਣ ਗਈ ਹੈ।

ਉਹਨੇ ਐਥੇ ਹੀ ਬੱਸ ਨਹੀਂ ਕੀਤਾ ਬਲਕਿ ਇਸ ਤੋਂ ਵੀ ਅੱਗੇ ਕਦਮ ਪੁੱਟਦਿਆਂ ਇੱਕ ਅਜਿਹੀ ਫਿਲਮ ਦਾ ਮੁੱਖ ਕਿਰਦਾਰ ਬਣ ਗਈ ਜਿਸ ਵਿੱਚ ਫੁੱਟ ਪਾਊ ਤਾਕਤਾਂ ਨੂੰ ਲਾਭ ਪਹੁੰਚਾਉਣ ਲਈ ਜਿੱਥੇ ਉਹਨੇ ਕਾਂਗਰਸ ਨੂੰ ਕਟਹਿਰੇ ਵਿੱਚ ਖੜਾ ਕਰਨ ਦੀ ਕੋਸ਼ਿਸ਼ ਕੀਤੀ ਹੈ,ਓਥੇ ਉਹਨੇ ਆਪਣੀ ਅਤੇ ਸਟੇਟ ਦੀ ਸਿੱਖਾਂ ਪ੍ਰਤੀ ਨਫਰਤੀ ਸੋਚ ਦਾ ਵੀ ਖੁੱਲ਼ ਕੇ ਇਜਹਾਰ ਕੀਤਾ ਹੈ।ਇਹ ਸੱਚ ਹੈ ਕਿ ਸਿੱਖ ਮੁੱਢੋਂ ਹੀ ਦਿੱਲੀ ਨੂੰ ਰਾਸ ਨਹੀਂ ਆਏ,ਫਿਰ ਉਹਨਾਂ ਪ੍ਰਤੀ ਦਿੱਲੀ ਤਖਤ ਦੀ ਨੀਅਤ ਸਾਫ ਕਿਵੇਂ ਹੋ ਸਕਦੀ ਹੈ,ਇਸ ਲਈ ਕੇਂਦਰੀ ਤਾਕਤਾਂ ਇਹ ਕੋਸ਼ਿਸ਼ ਵਿੱਚ ਰਹਿੰਦੀਆਂ ਹਨ ਕਿ ਕਦੋ ਕਿਹੜੇ ਫਿਰਕੇ ਪ੍ਰਤੀ ਕਿਹੋ ਜਿਹੇ ਮਾਪਦੰਡ ਅਖਤਿਆਰ ਕਰਨੇ ਹਨ।ਜੰਮੂ ਕਸ਼ਮੀਰ ਅਤੇ ਪੰਜਾਬ ਪ੍ਰਤੀ ਨਫਰਤ ਨੂੰ ਪੱਕੇ ਪੈਰੀਂ ਕਰਨ ਲਈ ਭਾਰਤੀ ਸਿਨੇਮਾ ਸਮੇ ਸਮੇ ਜਿਕਰਯੋਗ ਭੂਮਿਕਾ ਨਿਭਾਉਂਦਾ ਰਹਿੰਦਾ ਹੈ।ਲਿਹਾਜ਼ਾ ਦੇਸ਼ ਦੇ ਬਹੁ ਗਿਣਤੀ ਲੋਕ ਘੱਟ ਗਿਣਤੀਆਂ ਤੇ ਜਬਰ ਕਰਨਾ ਆਪਣਾ ਹੱਕ ਸਮਝਣ ਲੱਗਦੇ ਹਨ,ਕਿਉਕਿ ਉਹਨਾਂ ਦੇ ਮਨਾਂ ਵਿੱਚ ਇਹ ਹਊਆ ਬੈਠਾ ਦਿੱਤਾ ਗਿਆ ਹੈ ਕਿ ਪੰਜਾਬ ਇੱਕ ਅਜਿਹਾ ਲਟ ਲਟ ਬਲ਼ਦਾ ਭਾਂਬੜ ਹੈ,ਜਿਹੜਾ ਕਿਸੇ ਵੀ ਸਮੇ ਗੈਰ ਸਿੱਖ ਭਾਈਚਾਰੇ ਨੂੰ ਆਪਣੀ ਲਪੇਟ ਵਿੱਚ ਲੈ ਸਕਦਾ ਹੈ ਅਤੇ ਪਲਾਂ ਵਿੱਚ ਹੀ ਸਾੜ ਕੇ ਸਵਾਹ ਕਰ ਸਕਦਾ ਹੈ,ਜਦੋਕਿ ਹਕੀਕਤ ਵਿੱਚ ਅਜਿਹਾ ਕੁੱਝ ਵੀ ਨਹੀ ਹੈ।

ਬਿਨਾਂ ਸ਼ੱਕ ਜਦੋਂ ਅਜਿਹੀ ਸੋਚ ਭਾਰੂ ਹੋਣ ਲੱਗਦੀ ਹੈ,ਉਦੋਂ ਫਿਰਕੂ ਰਾਜਨੀਤੀ ਤਾਕਤ ਵਿੱਚ ਆਉਂਦੀ ਹੈ। ਜਦੋ ਅਜਿਹੀ ਸੋਚ ਰਾਜਸੀ ਤੌਰ ਤੇ ਤਾਕਤਵਰ ਹੁੰਦੀ ਹੈ,ਉਸ ਮੌਕੇ ਕੰਗਣਾ ਰਾਣੌਤ ਵਰਗੇ ਕਿਰਦਾਰ ਪੈਦਾ ਹੁੰਦੇ ਹਨ। ਮਰਹੂਮ ਇੰਦਰਾ ਗਾਂਧੀ ਨੂੰ ਆਪਣਾ ਰੋਲ ਮਾਡਲ ਮੰਨਣ ਵਾਲੀ ਭਾਜਪਾ ਦੀ ਮੈਂਬਰ ਪਾਰਲੀਮੈਂਟ ਕੰਗਣ ਰਾਣੌਤ ਇੱਕ ਪਾਸੇ ਫਿਲਮ ਵਿੱਚ ਕਾਂਗਰਸ ਨੂੰ ਲੋਕ ਵਿਰੋਧੀ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ,ਜਦੋਂ ਕਿ ਉਹ ਖੁਦ ਇੰਦਰਾ ਗਾਂਧੀ ਤੋ ਐਨੀ ਪ੍ਰਭਾਵਤ ਹੈ ਕਿ ਕਿਸਾਨੀ ਅੰਦੋਲਨ ਦੌਰਾਨ ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵੀ ਪੰਜਾਬੀ ਕਿਸਾਨਾਂ ਦੇ ਮਾਮਲੇ ਵਿੱਚ ਸਵ: ਇੰਦਰਾ ਗਾਂਧੀ ਦੇ ਨਕਸ਼ੇ ਕਦਮਾਂ ਤੇ ਚੱਲਣ ਦੀ ਸਲਾਹ ਦਿੰਦੀ ਹੈ।ਜਿੱਥੋਂ ਤੱਕ ਇਸ ਫਿਲਮ ਐਮਰਜੈਂਸੀ ਵਿੱਚ ਸਿੱਖਾਂ ਦੀ ਭੂਮਿਕਾ ਦਾ ਸਵਾਲ ਹੈ,ਉਹਨੇ ਬਹੁਤ ਬੇਸ਼ਰਮੀ ਅਤੇ ਢੀਠਤਾਈ ਨਾਲ ਸੰਤ ਭਿੰਡਰਾਂ ਵਾਲਿਆਂ ਨੂੰ ਬੇ ਵਜਾ ਫਿਲਮ ਵਿੱਚ ਫਿੱਟ ਕਰਨ ਦੀ ਕੋਸ਼ਿਸ਼ ਕਰਕੇ ਇੱਕ ਅਜਿਹੀ ਚਿੰਗਾਰੀ ਨੂੰ ਭਾਂਬੜ ਬਨਾਉਣ ਦੀ ਕੋਸ਼ਿਸ਼ ਕੀਤੀ ਹੈ,ਜਿਹੜੀ ਪੰਜਾਬ ਹੀ ਨਹੀਂ ਬਲਕਿ ਪੂਰੇ ਮੁਲਕ ਲਈ ਘਾਤਕ ਸਾਬਤ ਹੋ ਸਕਦੀ ਹੈ।ਇਹਦੇ ਵਿੱਚ ਕੋਈ ਸ਼ੱਕ ਨਹੀ ਕਿ ਪੰਜਾਬ ਅੰਦਰ ਇਸ ਫਿਲਮ ਨੂੰ ਕਿਸੇ ਵੀ ਕੀਮਤ ਤੇ ਚੱਲਣ ਨਹੀਂ ਦਿੱਤਾ ਜਾਵੇਗਾ,ਪਰ ਇਸ ਤੋ ਨਿਕਲਣ ਵਾਲੇ ਨਤੀਜਿਆਂ ਦਾ ਜ਼ਿੰਮੇਵਾਰ ਕੌਣ ਹੋਵੇਗਾ,ਇਹ ਵੀ ਸਮਝਣ ਦੀ ਲੋੜ ਹੈ।ਸੈਂਸਰ ਬੋਰਡ ਵੱਲੋਂ ਜਿਸਤਰ੍ਹਾਂ ਇਸ ਫਿਲਮ ਨੂੰ ਬਗੈਰ ਕੋਈ ਇਤਰਾਜ਼ ਉਠਾਉਂਦਿਆਂ ਕਲੀਨ ਚਿਟ ਦਿੱਤੀ ਗਈ ਹੈ,ਉਹਦੇ ਤੋਂ ਸਟੇਟ ਦੀ ਘੱਟ ਗਿਣਤੀਆਂ ਪ੍ਰਤੀ ਨੀਅਤ ਵੀ ਜੱਗ ਜਾਹਰ ਹੋ ਜਾਂਦੀ ਹੈ।ਅਤੀਤ ਵਿੱਚ ਜਦੋਂ ਵੀ ਸੂਖਮ ਢੰਗ ਦੇ ਨਾਲ ਸਿੱਖਾਂ 'ਤੇ ਸਿਧਾਂਤਕ ਹਮਲੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਸਿੱਖਾਂ ਨੇ ਅਜਿਹੇ ਹਮਲਿਆਂ ਨੂੰ ਬੇਅਸਰ ਕੀਤਾ ਹੈ,ਪਰ ਇਹ ਹਮਲਾ ਪਹਿਲੇ ਹਮਲਿਆਂ ਤੋਂ ਬਹੁਤ ਖਤਰਨਾਕ ਹੈ।ਜਿਸ ਦੇ ਭਿਆਨਕ ਨਤੀਜੇ ਬੇਹੱਦ ਚਿੰਤਾ ਜਨਕ ਹੋਣਗੇ,ਇਸ ਲਈ ਜਿੱਥੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫਰਜ ਬਣਦਾ ਹੈ ਕਿ ਉਹ ਆਪਣੇ ਕੌਮੀ ਸ਼ਹੀਦਾਂ ਨੂੰ ਅਪਮਾਨਤ ਕਰਨ ਵਾਲੀਆਂ ਅਜਿਹੀਆਂ ਫਿਲਮਾਂ ਤੇ ਰੋਕ ਲਵਾਉਣ ਲਈ ਡਟ ਕੇ ਅਵਾਜ਼ ਬੁਲੰਦ ਕਰਨ ਅਤੇ ਸੈਂਸਰ ਬੋਰਡ ਨੂੰ ਡਰੂ ਜਿਹੀ ਅਪੀਲ ਕਰਨ ਦੀ ਬਜਾਏ ਇਸ ਫਿਲਮ ਤੇ ਪਾਬੰਦੀ ਲਾਉਣ ਜਾਂ ਸਿੱਖ ਵਿਰੋਧੀ ਸੀਨ ਕਟਵਾਉਣ ਕਈ ਸਖਤ ਕਦਮ ਚੁੱਕਣ,ਓਥੇ ਸੂਬਾ ਸਰਕਾਰ ਨੂੰ ਵੀ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਇਹ ਫਿਲਮ 'ਤੇ ਪੰਜਾਬ ਵਿੱਚ ਮੁਕੰਮਲ ਪਾਬੰਦੀ ਲਾਈ ਜਾਵੇਗੀ।ਇਸ ਤੋਂ ਇਲਾਵਾ ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਦਾ ਸਾਥ ਦੇਕੇ ਅੱਗ ਨਾਲ ਖੇਡਣ ਦੀ ਗਲਤੀ ਨਾ ਕਰੇ,ਇਹਦੇ ਵਿੱਚ ਹੀ ਸਿੱਖ ਪੰਥ,ਪੰਜਾਬ ਅਤੇ ਦੇਸ਼ ਦੀ ਭਲਾਈ ਹੋਵੇਗੀ।





# ਕਿਉਂ ਹੁੰਦੀਆਂ ਨੇ ਦਲਿਤ ਔਰਤਾਂ ਹਿੰਸਾ ਦਾ ਸ਼ਿਕਾਰ

ਭਾਰਤ ਵਿਚ ਹਰੇਕ 16 ਮਿੰਟ ਬਾਅਦ ਇਕ ਔਰਤ ਨਾਲ ਜਬਰ ਜਨਾਹ ਹੋ ਰਿਹਾ ਹੈ।ਐਨਸੀਆਰਬੀ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਦੀ ਸਥਿਤੀ ਬਹੁਤ ਚਿੰਤਾਜਨਕ ਹੈ।ਰਿਪੋਰਟ ਅਨੁਸਾਰ 2022 ਨੂੰ ਭਾਰਤ ਵਿਚ ਜਬਰ ਜਨਾਹ ਦੇ 31 ਹਜ਼ਾਰ ਤੋਂ ਵੱਧ ਕੇਸ ਦਰਜ ਕੀਤੇ ਗਏ ਸਨ। ਰਿਪੋਰਟ ਮੁਤਾਬਕ ਸਾਲ 2022 ਵਿਚ ਔਰਤਾਂ ਵਿਰੁੱਧ ਅਪਰਾਧ ਦੀਆਂ 4,45,256 ਘਟਨਾਵਾਂ ਹੋਈਆਂ, ਮਤਲਬ ਹਰ ਘੰਟੇ ਵਿਚ ਲਗਭਗ 51 ਐੱਫ.ਆਈ.ਆਰ ਦਰਜ ਕੀਤੀਆਂ ਗਈਆਂ। ਸਭ ਤੋਂ ਵੱਧ 2016 ਵਿਚ ਇਕ ਸਾਲ ਦੌਰਾਨ ਜਬਰ ਜਨਾਹ ਦੇ 39000 ਕੇਸ ਦਰਜ ਕੀਤੇ ਗਏ ਸਨ। ਨੈਸ਼ਨਲ ਕ੍ਰਾਈਮ ਬਿਊਰੋ ਦੀ ਰਿਪੋਰਟ ਮੁਤਾਬਿਕ ਸਾਲ 2020 ਤੱਕ ਜਬਰ ਜਨਾਹ ਦੇ ਮੁਲਜ਼ਮਾਂ ਵਿਚੋਂ ਕੇਵਲ 28 ਫ਼ੀਸਦੀ ਨੂੰ ਦੋਸ਼ੀ ਠਹਿਰਾਇਆ ਜਾਂਦਾ ਰਿਹਾ ਸੀ, ਪਰ 2023 ਵਿਚ ਇਹ ਔਸਤ 60 ਫ਼ੀਸਦੀ ਨੂੰ ਪਾਰ ਕਰ ਗਈ ਹੈ।

ਔਰਤਾਂ ਲਈ ਰਾਜਸਥਾਨ ਸਭ ਤੋਂ ਵੱਧ ਅਸੁਰੱਖਿਅਤ ਮੰਨਿਆ ਜਾ ਰਿਹਾ ਹੈ, ਜਿੱਥੇ ਜਬਰ ਜਨਾਹ ਦੇ ਹਰ ਰੋਜ਼ 90 ਕੇਸ ਸਾਹਮਣੇ ਆ ਰਹੇ ਹਨ। ਪਿਛਲੇ 10 ਸਾਲਾਂ ਦੌਰਾਨ ਰਾਜਸਥਾਨ ਵਿਚ ਜਬਰ ਜਨਾਹ ਦੇ ਕੇਸਾਂ ਵਿਚ 295 ਫੀਸਦੀ ਦਾ ਵਾਧਾ ਹੋਇਆ ਹੈ। ਭਾਰਤ ਦੇ ਜਿਨ੍ਹਾਂ ਦਸ ਰਾਜਾਂ ਵਿਚ ਜਬਰ ਜਨਾਹ ਦੇ ਸਭ ਤੋਂ ਵੱਧ ਮਾਮਲੇ ਦਰਜ ਹੋ ਰਹੇ ਹਨ, ਉਨ੍ਹਾਂ ਵਿਚੋਂ ਦੋ ਤਿਹਾਈ ਮਾਮਲੇ ਯੂ.ਪੀ., ਰਾਜਸਥਾਨ ਅਤੇ ਕੇਰਲ ਦੇ ਹਨ। ਹੁਣੇ ਜਿਹੇ ਕੋਲਕਾਤਾ ਦੇ ਆਰ.ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਇਕ ਸਿਖਾਂਦਰੂ ਡਾਕਟਰ ਨਾਲ ਕਥਿਤ ਤੌਰ ‘ਤੇ ਜਬਰ ਜਨਾਹ ਅਤੇ ਕਤਲ ਦੀ ਵਾਪਰੀ ਘਟਨਾ ਨੇ ਪੂਰੇ ਮੁਲਕ ਨੂੰ ਹਿਲਾ ਕੇ ਰੱਖ ਦਿੱਤਾ ਹੈ। ਭਾਰਤ ਭਰ ਦੇ ਰੈਜ਼ੀਡੈਂਟ ਡਾਕਟਰ ਸਿਹਤ ਸੇਵਾਵਾਂ ਠੱਪ ਕਰ ਕੇ ਹੜਤਾਲ ‘ਤੇ ਚੱਲ ਰਹੇ ਹਨ ਅਤੇ ਮਰੀਜ਼ ਇਲਾਜ ਲਈ ਵਿਲਕ ਰਹੇ ਹਨ। ਪੱਛਮੀ ਬੰਗਾਲ ਦੀ ਪੁਲਿਸ ਤੋਂ ਕੇਸ ਦੀ ਜਾਂਚ ਲੈ ਕੇ ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਹੈ। ਹੁਣ ਮੁਲਕ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਖ਼ੁਦ ਨੋਟਿਸ ਲਿਆ ਹੈ ਅਤੇ ਇਸ ਦੀ 20 ਅਗਸਤ ਨੂੰ ਹੋਈ ਸੁਣਵਾਈ ਵਿਚ ਜਿਥੇ ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਦੀ ਸਰਕਾਰ ਦੀ ਢਿੱਲੀ ਕਾਰਵਾਈ ਲਈ ਉਸ ਦੀ ਆਲੋਚਨਾ ਕੀਤੀ ਹੈ, ਉਥੇ ਡਾਕਟਰੀ ਪੇਸ਼ੇ ਨਾਲ ਜੁੜੇ ਲੋਕਾਂ ਦੀ ਸੁਰੱਖਿਆ ਲਈ ਨੈਸ਼ਨਲ ਟਾਸਕ ਫੋਰਸ ਬਣਾਉਣ ਦਾ ਵੀ ਐਲਾਨ ਕੀਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਮਾਮਲੇ ਦੀ ਜਾਂਚ ਲਈ ਦਿੱਲੀ ਤੋਂ ਸੀ.ਬੀ.ਆਈ. ਦੀ 65 ਮੈਂਬਰੀ ਟੀਮ ਕੋਲਕਾਤਾ ਪਹੁੰਚ ਗਈ ਹੈ। ਸੀ.ਬੀ.ਆਈ. ਦੀ ਟੀਮ ਵਲੋਂ ਹਸਪਤਾਲ ਦੇ ਬੀਤੇ ਤਿੰਨ ਮਹੀਨਿਆਂ ਦੇ ਰੋਸਟਰ ਭਾਵ ਡਿਊਟੀ ਰਜਿਸਟਰ ਦੀ ਪੜਤਾਲ ਕੀਤੀ ਜਾ ਰਹੀ ਹੈ, ਇਸ ਤੋਂ ਇਹ ਪਤਾ ਲੱਗ ਸਕੇਗਾ ਕਿ ਤਿੰਨ ਮਹੀਨੇ ਦੌਰਾਨ ਕਿਨ੍ਹਾਂ-ਕਿਨ੍ਹਾਂ ਡਾਕਟਰਾਂ ਨਾਲ ਮ੍ਰਿਤਕਾ ਨੇ ਡਿਊਟੀ ਕੀਤੀ ਸੀ, ਉਸ ਤੋਂ ਬਾਅਦ ਹਰੇਕ ਡਾਕਟਰ ਤੋਂ ਪੁੱਛ ਪੜਤਾਲ ਕੀਤੀ ਜਾਵੇਗੀ। ਸੀ.ਬੀ.ਆਈ. ਦੇ ਸੂਤਰਾਂ ਦਾ ਕਹਿਣਾ ਹੈ ਕਿ ਹੁਣ ਤੱਕ ਦੀ ਜਾਂਚ ਤੋਂ ਕਈ ਸਵਾਲ ਖੜ੍ਹੇ ਹੋਏ ਹਨ। ਸਭ ਤੋਂ ਵੱਡਾ ਸਵਾਲ ਮ੍ਰਿਤਕਾਂ ਦਾ ਕਾਹਲੀ ਵਿਚ ਕੀਤਾ ਗਿਆ ਪੋਸਟਮਾਰਟਮ ਹੈ। ਸੀ.ਬੀ.ਆਈ. ਵਲੋਂ ਮੈਡੀਕਲ ਕਾਲਜ ਦੇ ਸਾਬਕਾ ਪ੍ਰਿੰਸੀਪਲ ਸੰਦੀਪ ਤੋਂ ਵੀ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਸਾਬਕਾ ਪ੍ਰਿੰਸੀਪਲ ਦੇ ਬਿਆਨਾਂ ਵਿਚ ਵੀ ਕਾਫੀ ਝੂਠ ਦਿਸਦਾ ਹੈ। ਇਸੇ ਦੌਰਾਨ ਮ੍ਰਿਤਕਾ ਦੀ ਮਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀ ਬੇਟੀ ਹਰ ਰੋਜ਼ ਡਾਇਰੀ ਲਿਖਦੀ ਸੀ ਪਰ ਇਸ ਡਾਇਰੀ ਵਿਚੋਂ ਕਈ ਸਾਰੇ ਪੰਨੇ ਫਟੇ ਹੋਏ ਮਿਲੇ ਹਨ। ਮੰਨਿਆ ਜਾ ਰਿਹਾ ਹੈ ਕਿ ਪੀੜਤਾ ਦੀ ਮੌਤ ਨਾਲ ਜੁੜੇ ਹੋਏ ਕਈ ਭੇਦ ਇਸ ਵਿਚ ਅੰਕਿਤ ਹੋ ਸਕਦੇ ਹਨ। ਮ੍ਰਿਤਕਾ ਦੀ ਮਾਂ ਦਾ ਦਾਅਵਾ ਹੈ ਕਿ ਸਬੂਤ ਮਿਟਾਉਣ ਦੇ ਮਕਸਦ ਨਾਲ ਹੀ ਡਾਇਰੀ ਦੇ ਪੰਨੇ ਗਾਇਬ ਕੀਤੇ ਗਏ ਹਨ। ਪੁਲਿਸ ਦੇ ਹੱਥ ਡਾਇਰੀ ਅਤੇ ਲੈਪਟਾਪ ਦੋਵੇਂ ਲੱਗ ਗਏ ਹਨ। ਇਸ ਤੋਂ ਜਾਂਚ ਦੇ ਅੱਗੇ ਵਧਣ ਦੀ ਸੰਭਾਵਨਾ ਬਣਦੀ ਹੈ।

ਸਰਕਾਰ ਉੱਤੇ ਦਬਾਅ ਬਣਾਉਣ ਲਈ ਅਤੇ ਹੱਤਿਆਕਾਂਡ ‘ਤੇ ਰੋਸ ਪ੍ਰਗਟ ਕਰਦਿਆਂ 70 ਤੋਂ ਵੱਧ ਪਦਮ ਪੁਰਸਕਾਰ ਜੇਤੂ ਡਾਕਟਰਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸਿਹਤ ਸੰਭਾਲ ਵਰਕਰਾਂ ਖ਼ਿਲਾਫ਼ ਹਿੰਸਾ ਨਾਲ ਨਜਿੱਠਣ ਲਈ ਵਿਸ਼ੇਸ਼ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਹੈ ਕਿ ਕੇਂਦਰ ਸਰਕਾਰ ਸਿਹਤ ਸੰਭਾਲ ਵਰਕਰਾਂ ਖ਼ਿਲਾਫ਼ ਹਿੰਸਾ ਵਿਚ ਸ਼ਾਮਿਲ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਯਕੀਨੀ ਬਣਾਉਣ ਲਈ ਫੌਰੀ ਆਰਡੀਨੈਂਸ ਲਿਆਵੇ। ਦੁੱਖ ਦੀ ਗੱਲ ਇਹ ਕਿ ਇਕ ਪਾਸੇ ਮੁਲਕ ਕੋਲਕਾਤਾ ਕਾਂਡ ਨੂੰ ਲੈ ਕੇ ਵਿਲਕ ਰਿਹਾ ਹੈ ਦੂਜੇ ਪਾਸੇ ਔਰਤਾਂ ਨਾਲ ਜਬਰ ਜਨਾਹ ਦੀਆਂ ਵਾਰਦਾਤਾਂ ਰੁਕ ਨਹੀਂ ਰਹੀਆਂ।

### ਦਲਿਤ ਔਰਤਾਂ ਦੇ ਹੋਰ ਮਾੜੇ ਹਾਲਾਤ

ਪੱਛਮੀ ਬੰਗਾਲ ਵਿੱਚ ਇੱਕ ਔਰਤ ਡਾਕਟਰ ਦੇ ਬਲਾਤਕਾਰ ਅਤੇ ਕਤਲ ਤੋਂ ਬਾਅਦ ਹੁਣ ਬਿਹਾਰ ਵਿੱਚ ਇੱਕ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ, ਜੋ ਕਿ ਬਹੁਤ ਹੀ ਹੈਰਾਨ ਕਰਨ ਵਾਲੀ ਘਟਨਾ ਹੈ। ਔਰਤਾਂ ਦੀ ਸੁਰੱਖਿਆ ਦੀ ਮੰਗ ਅਕਸਰ ਸੜਕਾਂ ਤੋਂ ਲੈ ਕੇ ਸੰਸਦ ਤੱਕ ਉਠਾਈ ਜਾਂਦੀ ਹੈ ਪਰ ਪਿਛਲੇ ਕੁਝ ਸਮੇਂ ਦੌਰਾਨ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਔਰਤਾਂ ਅਤੇ ਲੜਕੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਉਪਰ ਸਵਾਲ ਖੜ੍ਹੇ ਕਰ ਦਿੱਤੇ ਹਨ। ਖਾਸ ਕਰਕੇ ਦਲਿਤ ਔਰਤਾਂ ਅਤੇ ਲੜਕੀਆਂ ਵਿਰੁੱਧ ਹੋ ਰਹੇ ਜੁਰਮ ਬਹੁਤ ਚਿੰਤਾਜਨਕ ਹਨ। ਦਲਿਤ ਔਰਤਾਂ ਅਤੇ ਲੜਕੀਆਂ ਨਾਲ ਬਲਾਤਕਾਰ ਦੀਆਂ ਕੁਝ ਤਾਜ਼ਾ ਘਟਨਾਵਾਂ ਨੂੰ ਇਸ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਸਮਾਜ ਦੀਆਂ ਵਿਗੜੀ ਹੋਈ ਪ੍ਰਵਿਰਤੀਆਂ ਦਾ ਪਰਦਾਫਾਸ਼ ਕਰਦੀ ਹੈ।

### ਬਿਹਾਰ

ਦੱਸ ਦੇਈਏ ਕਿ ਹਾਲ ਹੀ ਵਿੱਚ ਬਿਹਾਰ ਦੇ ਮਧੂਬਨੀ ਜ਼ਿਲ੍ਹੇ ਵਿੱਚ ਇੱਕ 18 ਸਾਲਾ ਦਲਿਤ ਲੜਕੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਸੀ ਅਤੇ ਕੁਝ ਦਿਨਾਂ ਬਾਅਦ ਮੁਜ਼ੱਫਰਪੁਰ ਵਿੱਚ ਇੱਕ 14 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕਰਕੇ ਕਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ ਕਾਰਨ ਭਾਰੀ ਹੰਗਾਮਾ ਹੋਇਆ। ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਬਿਹਾਰ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈ ਕੇ ਨਿਤੀਸ਼ ਸਰਕਾਰ ‘ਤੇ ਲਗਾਤਾਰ ਨਿਸ਼ਾਨਾ ਸਾਧਿਆ ਹੈ। ਇਸ ਦੌਰਾਨ ਬਸਪਾ ਮੁਖੀ ਮਾਇਆਵਤੀ ਨੇ ਵੀ ਬਿਹਾਰ ਸਰਕਾਰ ਨੂੰ ਦਲਿਤਾਂ ਦੀ ਸੁਰੱਖਿਆ ਨੂੰ ਲੈ ਕੇ ਸਖ਼ਤ ਤਾੜਨਾ ਕੀਤੀ ਹੈ। ਬਸਪਾ ਮੁਖੀ ਮਾਇਆਵਤੀ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ ‘ਤੇ ਲਿਖਿਆ ਕਿ ਬਿਹਾਰ ਰਾਜ ਇਕਾਈ ਤੋਂ ਪ੍ਰਾਪਤ ਹੋਈ ਇਹ ਰਿਪੋਰਟ ਬਹੁਤ ਦੁਖਾਂਤਕਅਤੇ ਚਿੰਤਾਜਨਕ ਹੈ।ਹਾਲ ਹੀ ਵਿੱਚ ਬਿਹਾਰ ਵਿੱਚ ਮਧੂਬਨੀ ਜ਼ਿਲ੍ਹੇ ਦੀ ਇੱਕ 18 ਸਾਲਾ ਦਲਿਤ ਲੜਕੀ ਨਾਲ ਕਮਲੇਸ਼ ਯਾਦਵ ਅਤੇ ਉਸ ਦੇ ਸਾਥੀਆਂ ਵੱਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਕੁਝ ਦਿਨਾਂ ਬਾਅਦ ਮੁਜ਼ੱਫਰਪੁਰ ਜ਼ਿਲ੍ਹੇ ਦੀ ਇੱਕ 14 ਸਾਲਾ ਦਲਿਤ ਲੜਕੀ ਨਾਲ ਸੰਜੇ ਰਾਏ ਵੱਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ। (ਯਾਦਵ) ਅਤੇ ਉਸ ਦੇ ਸਾਥੀਆਂ ਨੇ ਪੀੜਤਾ ਦਾ ਬੇਰਹਿਮੀ ਨਾਲ ਕਤਲ ਕਰ ਦਿਤਾ। ਬਿਹਾਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਸਾਰੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ, ਤਾਂ ਜੋ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ। ਸਰਕਾਰ ਨੂੰ ਦਲਿਤਾਂ ਦੀ ਸੁਰੱਖਿਆ ਅਤੇ ਸਨਮਾਨ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।

### ਉੱਤਰ ਪ੍ਰਦੇਸ਼

ਗੋਂਡਾ ਜ਼ਿਲ੍ਹੇ ਵਿਚ ਇਸ ਸਾਲ ਜੁਲਾਈ ਵਿੱਚ ਇੱਕ 16 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਪੁਲਿਸ ਮੁਤਾਬਕ ਇਹ ਘਟਨਾ ਖੋਂਡਾਰੇ ਥਾਣਾ ਖੇਤਰ ਦੇ ਇੱਕ ਪਿੰਡ ਵਿੱਚ ਵਾਪਰੀ। ਪੀੜਤਾ ਆਪਣੀ ਮਾਂ ਨਾਲ ਜੰਗਲ ਪਾਣੀ ਕਰਨ ਗਈ ਸੀ ਜਦੋਂ ਉਸ ਨਾਲ ਕਿਸੇ ਉਚ ਜਾਤੀ ਭਾਈਚਾਰੇ ਦੇ ਦੋ ਨੌਜਵਾਨਾਂ ਨੇ ਬਲਾਤਕਾਰ ਕੀਤਾ।

ਵਧੀਕ ਪੁਲਿਸ ਸੁਪਰਡੈਂਟ (ਪੂਰਬੀ) ਮਨੋਜ ਕੁਮਾਰ ਰਾਵਤ ਦੇ ਅਨੁਸਾਰ, ਮੋਟਰਸਾਈਕਲ ਸਵਾਰ ਲੜਕੀ ਨੂੰ ਖੇਤ ਵਿਚ ਖਿੱਚ ਕੇ ਲੈ ਗਏ ਅਤੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਮਾਂ ਦੀਆਂ ਚੀਕਾਂ ਸੁਣ ਕੇ ਆਸ-ਪਾਸ ਦੇ ਪਿੰਡ ਵਾਸੀ ਉਥੇ ਪਹੁੰਚ ਗਏ ਪਰ ਉਦੋਂ ਤੱਕ ਮੁਲਜ਼ਮ ਫ਼ਰਾਰ ਹੋ ਚੁੱਕੇ ਸਨ। ਪਿਛਲੇ ਸਾਲ ਨਵੰਬਰ ਵਿੱਚ, ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਦੇ ਗਿਰਵਾਨ ਥਾਣਾ ਖੇਤਰ ਵਿੱਚ ਇੱਕ 40 ਸਾਲਾ ਦਲਿਤ ਔਰਤ ਦਾ ਬਲਾਤਕਾਰ ਅਤੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਨੇ ਔਰਤ ਦੀ ਲਾਸ਼ ਨੂੰ ਤਿੰਨ ਟੁਕੜਿਆਂ ਵਿੱਚ ਬਰਾਮਦ ਕੀਤਾ ਸੀ। ਗਿਰਵਾਂ ਥਾਣੇ ਦੇ ਇੰਚਾਰਜ ਇੰਸਪੈਕਟਰ (ਐਸਐਚਓ) ਸੰਦੀਪ ਤਿਵਾਰੀ ਦੇ ਅਨੁਸਾਰ, 40 ਸਾਲਾ ਔਰਤ ਰਾਜਕੁਮਾਰ ਸ਼ੁਕਲਾ ਦੇ ਘਰ ਆਟਾ ਚੱਕੀ ਵਿੱਚ ਚਿੱਟਾ ਧੋਣ ਦਾ ਕੰਮ ਕਰਨ ਗਈ ਸੀ। ਜਦੋਂ ਔਰਤ ਦੀ 20 ਸਾਲਾ ਧੀ ਕੁਝ ਸਮੇਂ ਬਾਅਦ ਉਥੇ ਪਹੁੰਚੀ ਤਾਂ ਉਸ ਨੇ ਚੱਕੀ ਦੇ ਘਰ ਦਾ ਦਰਵਾਜ਼ਾ ਖੜਕਾਇਆ। ਇਸ ਦੌਰਾਨ ਉਸ ਨੇ ਆਪਣੀ ਮਾਂ ਦੇ ਚੀਕਣ ਦੀ ਆਵਾਜ਼ ਸੁਣੀ। ਕੁਝ ਸਮੇਂ ਬਾਅਦ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਬੇਟੀ ਨੇ ਆਪਣੀ ਮਾਂ ਦੀ ਲਾਸ਼ ਤਿੰਨ ਟੁਕੜਿਆਂ ‘ਚ ਪਈ ਦੇਖੀ ਅਤੇ ਪੁਲਸ ਨੂੰ ਸੂਚਨਾ ਦਿੱਤੀ। ਸੂਬੇ ਦੇ ਬੁਲੰਦਸ਼ਹਿਰ ਵਿਚ ਖੇਤੀਬਾੜੀ ਵਿਭਾਗ ਦੇ ਇਕ ਸਰਕਾਰੀ ਅਧਿਕਾਰੀ ਨੇ 6 ਸਾਲ ਦੀ ਦਲਿਤ ਬੱਚੀ ਨਾਲ ਕਥਿਤ ਤੌਰ ‘ਤੇ ਬਲਾਤਕਾਰ ਕੀਤਾ। ਮੀਡੀਆ ਰਿਪੋਰਟਾਂ ਮੁਤਾਬਕ ਮੁਲਜ਼ਮ ਗਜੇਂਦਰ ਸਿੰਘ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਨੂੰ ਉਸ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।

### ਰਾਜਸਥਾਨ

ਪਿਛਲੇ ਮਹੀਨੇ ਰਾਜਸਥਾਨ ਦੇ ਝਾਲਾਵਾੜ ਤੋਂ ਇੱਕ ਨਾਬਾਲਗ ਦਲਿਤ ਲੜਕੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਸੀ। ਇਲਜ਼ਾਮ ਅਨੁਸਾਰ ਲੜਕੀ ਦੀਆਂ ਇਤਰਾਜ਼ਯੋਗ ਵੀਡੀਓਜ਼ ਵੀ ਬਣਾਈਆਂ ਗਈਆਂ ਸਨ। ਪੁਲਸ ਨੇ ਪੀੜਤ ਲੜਕੀ ਦੀ ਸ਼ਿਕਾਇਤ ‘ਤੇ ਉਸ ਦਾ ਮੈਡੀਕਲ ਕਰਵਾਇਆ ਅਤੇ ਦੋਸ਼ੀ ਖਿਲਾਫ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

### ਉਤਰਾਖੰਡ

ਉੱਤਰਾਖੰਡ ਵਿਚ ਇਸ ਸਾਲ ਜੂਨ ਮਹੀਨੇ ਸੂਬੇ ਦੇ ਦੁਰਾਹਾਟ ਵਿਚ 19 ਸਾਲਾ ਦਲਿਤ ਲੜਕੀ ਨਾਲ ਵਹਿਸ਼ੀਪੁਣੇ ਦਾ ਮਾਮਲਾ ਸਾਹਮਣੇ ਆਇਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਲੜਕੀ ਨੂੰ ਜ਼ਬਰਦਸਤੀ ਘਰ ਅੰਦਰ ਵੜ ਕੇ ਸ਼ਰਾਬ ਪਿਲਾਈ ਅਤੇ ਬਲਾਤਕਾਰ ਕੀਤਾ ਗਿਆ। ਲੜਕੀ ਦੇ ਭਰਾ ਨੇ ਪੁਲੀਸ ਨੂੰ ਦੱਸਿਆ ਸੀ ਕਿ ਉਸ ਦੀ ਭੈਣ ਆਪਣੇ ਪਰਿਵਾਰ ਨਾਲ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਜਾਗਰਣ ਗਈ ਹੋਈ ਸੀ। ਰਾਤ 11 ਵਜੇ ਉਹ ਆਪਣੇ ਪਰਿਵਾਰ ਨੂੰ ਚਾਰਜਰ ਲਿਆਉਣ ਲਈ ਕਹਿ ਕੇ ਘਰ ਆ ਗਈ। ਰਾਤ 1 ਵਜੇ ਤੱਕ ਜਦੋਂ ਉਹ ਵਾਪਸ ਨਹੀਂ ਪਰਤੀ ਤਾਂ ਉਹ ਆਪਣੀ ਭੈਣ ਦੀ ਭਾਲ ਵਿਚ ਘਰ ਪਹੁੰਚਿਆ ਤਾਂ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਦੇਖਿਆ। ਸਵੇਰੇ 3 ਵਜੇ ਜਦੋਂ ਉਸ ਨੂੰ ਹੋਸ਼ ਆਇਆ ਤਾਂ ਉਸ ਨੇ ਦੱਸਿਆ ਕਿ ਦੋਸ਼ੀ ਪ੍ਰਮੋਦ ਬਿਸ਼ਟ ਨੇ ਉਸ ਨੂੰ ਜ਼ਬਰਦਸਤੀ ਸ਼ਰਾਬ ਪਿਲਾਈ ਅਤੇ ਉਸ ਨਾਲ ਬਲਾਤਕਾਰ ਕੀਤਾ। ਜਦੋਂ ਉਸ ਦੀ ਸਿਹਤ ਵਿਗੜ ਗਈ ਤਾਂ ਉਸ ਨੂੰ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ। ਐਨਸੀਆਰਬੀ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਰਿਪੋਰਟ ਮੁਤਾਬਕ ਸਾਲ 2022 ਵਿਚ ਔਰਤਾਂ ਵਿਰੁੱਧ ਅਪਰਾਧ ਦੀਆਂ 4,45,256 ਘਟਨਾਵਾਂ ਹੋਈਆਂ, ਭਾਵ ਹਰ ਘੰਟੇ ‘ਚ ਲਗਭਗ 51 ਐੱਫ.ਆਈ.ਆਰ. ਜਦੋਂ ਕਿ ਸਾਲ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀ ਗਿਣਤੀ 4,28,278 ਸੀ ਅਤੇ ਸਾਲ 2020 ਵਿੱਚ ਇਹ 3,71,503 ਸੀ। ਜਾਤੀ ਅੱਤਿਆਚਾਰ ਸਿਰਫ਼ ਜਾਤ ਆਧਾਰਿਤ ਨਹੀਂ ਹੁੰਦੇ; ਉਹ ਜਾਤ ਅਤੇ ਲਿੰਗ ‘ਤੇ ਵੀ ਆਧਾਰਿਤ ਹਨ।ਭਾਰਤ ਵਿੱਚ ਔਰਤਾਂ ਨੂੰ ਪਹਿਲਾਂ ਹੀ ਦੂਜੇ ਦਰਜੇ ਦੀ ਨਾਗਰਿਕ ਮੰਨਿਆ ਜਾਂਦਾ ਹੈ ਅਤੇ ਜੇਕਰ ਉਹ ਦਲਿਤ ਜਾਂ ਘੱਟ ਗਿਣਤੀ ਹਨ, ਤਾਂ ਇਹ ਸ਼੍ਰੇਣੀ ਉਨ੍ਹਾਂ ਦੀ ਜਾਤ ਅਤੇ ਧਰਮ ਦੇ ਕਾਰਨ ਹੋਰ ਹੇਠਾਂ ਚਲੀ ਜਾਂਦੀ ਹੈ। ਬਲਾਤਕਾਰੀ ਸੱਭਿਆਚਾਰ ਕਾਰਨ ਹਾਲਾਤ ਹੋਰ ਵੀ ਪ੍ਰਤੀਕੂਲ ਹੋ ਜਾਂਦੇ ਹਨ। ਦਲਿਤ ਔਰਤਾਂ ਜਿਨਸੀ ਹਿੰਸਾ ਦਾ ਨਿਸ਼ਾਨਾ ਬਣ ਜਾਂਦੀਆਂ ਹਨ। ਜ਼ਿਆਦਾਤਰ ਦਲਿਤ ਲੜਕੀਆਂ ਲਈ ਹਿੰਸਾ ਦਾ ਸਭ ਤੋਂ ਵੱਡਾ ਰੂਪ ਜਿਨਸੀ ਹਿੰਸਾ ਹੈ।

# ਏ.ਆਈ. ਰੋਬੋਟਿਕਸ-ਵਿਕਾਸ ਜਾਂ ਤਬਾਹੀ ਵੱਲ ਪਹਿਲਾ ਕਦਮ ?


ਲਿਖਤ : ਸੰਦੀਪ ਕੁਮਾਰ
ਸੰਪਰਕ : 70098-07121



ਏਆਈ ਰੋਬੋਟਿਕਸ ਇੱਕ ਅਜਿਹਾ ਖੇਤਰ ਹੈ ਜੋ ਕ੍ਰਿਤ੍ਰਿਮ ਬੁੱਧੀ ਅਤੇ ਰੋਬੋਟਿਕਸ ਦੇ ਮਿਲਾਪ ਨਾਲ ਬਣਿਆ ਹੈ। ਇਸ ਵਿੱਚ ਰੋਬੋਟਾਂ ਨੂੰ ਸਮਰੱਥ ਬਣਾਉਣ ਲਈ ਕ੍ਰਿਤ੍ਰਿਮ ਬੁੱਧੀ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਜੋ ਉਹ ਮਨੁੱਖਾਂ ਵਾਂਗ ਸੋਚ ਸਕਣ, ਸਿੱਖ ਸਕਣ ਅਤੇ ਆਪਣੇ ਆਪ ਫੈਸਲੇ ਲੈ ਸਕਣ। ਏਆਈ ਰੋਬੋਟਿਕਸ ਦਾ ਮੁੱਖ ਮਕਸਦ ਹੈ ਰੋਬੋਟਾਂ ਨੂੰ ਐਸੇ ਕੰਮ ਕਰਨ ਦੇ ਯੋਗ ਬਣਾਉਣਾ ਜੋ ਪਹਿਲਾਂ ਸਿਰਫ਼ ਮਨੁੱਖ ਕਰ ਸਕਦੇ ਸਨ। ਏਆਈ ਰੋਬੋਟਿਕਸ ਦੇ ਉਤਪਾਦ ਬਹੁਤ ਸਾਰੇ ਖੇਤਰਾਂ ਵਿੱਚ ਵਰਤੇ ਜਾਂਦੇ ਹਨ। ਉਦਾਹਰਣ ਵਜੋਂ, ਉਦਯੋਗਿਕ ਰੋਬੋਟਾਂ ਦੀ ਵਰਤੋਂ ਕਾਰਖਾਨਿਆਂ ਵਿੱਚ ਹੁੰਦੀ ਹੈ ਜਿੱਥੇ ਉਹ ਉਤਪਾਦਨ ਦੇ ਕੰਮ ਕਰਦੇ ਹਨ। ਇਹ ਰੋਬੋਟ ਸਹੀ ਅਤੇ ਤੇਜ਼ੀ ਨਾਲ ਕੰਮ ਕਰ ਸਕਦੇ ਹਨ, ਜਿਸ ਨਾਲ ਮਨੁੱਖੀ ਮਿਹਨਤ ਘੱਟ ਹੁੰਦੀ ਹੈ ਅਤੇ ਉਤਪਾਦਨ ਦੀ ਕੁਆਲਟੀ ਵਿੱਚ ਸੁਧਾਰ ਹੁੰਦਾ ਹੈ। ਸਿਹਤ ਸੇਵਾਵਾਂ ਵਿੱਚ, ਰੋਬੋਟ ਸਰਜਰੀ ਵਿੱਚ ਸਹਾਇਕ ਸਾਬਿਤ ਹੋ ਰਹੇ ਹਨ, ਜਿਸ ਨਾਲ ਸਟੇਮ ਸੈੱਲ ਥੈਰੇਪੀ ਅਤੇ ਸਰਜਰੀ ਮਾਮਲਿਆਂ ਵਿੱਚ ਰਿਕਵਰੀ ਤੇਜ਼ ਹੁੰਦੀ ਹੈ।

ਨਿੱਜੀ ਸਹਾਇਕ ਰੋਬੋਟ ਵੀ ਆਮ ਹੋ ਰਹੇ ਹਨ, ਜਿਵੇਂ ਕਿ ਸਮਾਰਟ ਸਪੀਕਰ ਅਤੇ ਹੋਮ ਕਲੀਨਿੰਗ ਰੋਬੋਟ। ਇਹ ਰੋਬੋਟ ਮਨੁੱਖਾਂ ਦੀ ਜ਼ਿੰਦਗੀ ਨੂੰ ਆਸਾਨ ਬਣਾਉਂਦੇ ਹਨ ਅਤੇ ਵੱਖ-ਵੱਖ ਕੰਮ, ਜਿਵੇਂ ਕਿ ਘਰ ਸਾਫ਼ ਕਰਨਾ, ਸਮਾਂ ਸੈਟ ਕਰਨਾ, ਅਤੇ ਸੰਗੀਤ ਚਲਾਉਣਾ, ਆਸਾਨੀ ਨਾਲ ਕਰ ਸਕਦੇ ਹਨ। ਸਿਹਤ ਸੇਵਾਵਾਂ ਵਿੱਚ, ਰੋਬੋਟਾਂ ਦੀ ਵਰਤੋਂ ਵਧ ਰਹੀ ਹੈ। ਇਹ ਰੋਬੋਟ ਪੇਸ਼ੀਆਂ ਦਾ ਪ੍ਰਬੰਧਨ, ਮਰੀਜ਼ਾਂ ਦੀ ਦੇਖਭਾਲ ਅਤੇ ਔਪਰੇਸ਼ਨ ਕਰਨ ਵਿੱਚ ਮਦਦਗਾਰ ਸਾਬਿਤ ਹੋ ਰਹੇ ਹਨ। ਉਦਾਹਰਣ ਵਜੋਂ, ਦਾਵਿਨਸੀ ਸਰਜਿਕਲ ਸਿਸਟਮ ਇੱਕ ਉੱਨਤ ਰੋਬੋਟਿਕ ਸਿਸਟਮ ਹੈ ਜੋ ਸਟੇਮ ਸੈੱਲ ਥੈਰੇਪੀ ਅਤੇ ਸਰਜਰੀ ਮਾਮਲਿਆਂ ਵਿੱਚ ਰਿਕਵਰੀ ਤੇਜ਼ ਕਰਨ ਵਿੱਚ ਸਹਾਇਕ ਹੈ। ਆਪਣੇ ਨਿੱਜੀ ਜੀਵਨ ਵਿੱਚ ਵੀ, ਏਆਈ ਰੋਬੋਟਿਕਸ ਨੇ ਕਈ ਤਰ੍ਹਾਂ ਦੇ ਸਹਾਇਕ ਉਪਕਰਣ ਵਿਕਸਿਤ ਕੀਤੇ ਹਨ। ਸਮਾਰਟ ਸਪੀਕਰ, ਜਿਵੇਂ ਕਿ ਐਮਜ਼ਾਨ ਐਲਕਸਾ ਅਤੇ ਗੂਗਲ ਹੋਮ, ਰੋਜ਼ਾਨਾ ਕੰਮਾਂ ਨੂੰ ਆਸਾਨ ਬਣਾਉਂਦੇ ਹਨ। ਘਰ ਦੇ ਕੰਮਾਂ ਵਿੱਚ ਸਹਾਇਕ ਰੋਬੋਟ, ਜਿਵੇਂ ਕਿ ਰੋਬੋਵੈਕਸ, ਘਰ ਸਾਫ਼ ਕਰਨ ਵਿੱਚ ਮਦਦ ਕਰਦੇ ਹਨ। ਸੰਖੇਪ ਵਿੱਚ, ਏਆਈ ਰੋਬੋਟਿਕਸ ਇੱਕ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਖੇਤਰ ਹੈ ਜੋ ਭਵਿੱਖ ਵਿੱਚ ਸਾਡੇ ਜੀਵਨ ਦੇ ਬਹੁਤ ਸਾਰੇ ਪਹਿਲੂਆਂ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ।

ਏਆਈ ਰੋਬੋਟਿਕਸ ਦੇ ਵਿਕਾਸ ਨੇ ਬੇਸ਼ਕ ਸਾਡੇ ਜੀਵਨ ਨੂੰ ਬਹੁਤ ਸਾਰੇ ਪਹਿਲੂਆਂ ਨੂੰ ਬਦਲਿਆ ਹੈ, ਪਰ ਇਸ ਦੇ ਨਾਲ ਹੀ ਇਸ ਦੇ ਖਤਰੇ ਅਤੇ ਚੁਣੌਤੀਆਂ ਵੀ ਵੱਡੇ ਪੱਧਰ ਤੇ ਸਾਹਮਣੇ ਆਏ ਹਨ। ਸਭ ਤੋਂ ਵੱਡਾ ਖਤਰਾ ਨੌਕਰੀਆਂ ਦੇ ਗੁਆਚਣ ਨਾਲ ਸੰਬੰਧਤ ਹੈ। ਜਿਵੇਂ-ਜਿਵੇਂ ਰੋਬੋਟਾਂ ਅਤੇ ਏਆਈ ਸਿਸਟਮਾਂ ਦੀ ਵਰਤੋਂ ਵੱਧਦੀ ਜਾ ਰਹੀ ਹੈ, ਬਹੁਤ ਸਾਰੀਆਂ ਮੈਨੂਅਲ ਨੌਕਰੀਆਂ ਖਤਮ ਹੋ ਰਹੀਆਂ ਹਨ। ਉਦਯੋਗਿਕ ਉਤਪਾਦਨ ਤੋਂ ਲੈ ਕੇ ਸੇਵਾ ਦੇ ਖੇਤਰ ਤੱਕ, ਬਹੁਤ ਸਾਰੇ ਕੰਮ ਹੁਣ ਰੋਬੋਟ ਅਤੇ ਆਟੋਮੇਟਡ ਸਿਸਟਮ ਕਰ ਰਹੇ ਹਨ। ਇਸ ਨਾਲ ਬੇਰੁਜ਼ਗਾਰੀ ਵਧਣ ਦੇ ਆਸਾਰ ਹਨ, ਖਾਸ ਤੌਰ 'ਤੇ ਉਹਨਾਂ ਲੋਕਾਂ ਲਈ ਜਿਨ੍ਹਾਂ ਕੋਲ ਤਕਨੀਕੀ ਕੌਸ਼ਲਤਾ ਦੀ ਘਾਟ ਹੈ।



ਦੂਜਾ ਖਤਰਾ, ਡਾਟਾ ਗੋਪਨੀਯਤਾ ਅਤੇ ਸੁਰੱਖਿਆ ਦਾ ਹੈ। ਰੋਬੋਟ ਅਤੇ ਏਆਈ ਸਿਸਟਮ ਬਹੁਤ ਸਾਰੀ ਜਾਣਕਾਰੀ ਇਕੱਠੀ ਕਰਦੇ ਹਨ, ਜਿਸ ਨਾਲ ਗੋਪਨੀਯਤਾ ਸੰਬੰਧੀ ਮੁੱਦੇ ਉੱਭਰਦੇ ਹਨ। ਜੇਕਰ ਇਹ ਜਾਣਕਾਰੀ ਗਲਤ ਹੱਥਾਂ ਵਿੱਚ ਚਲੀ ਜਾਵੇ, ਤਾਂ ਇਸ ਨਾਲ ਵੱਡੇ ਪੱਧਰ ਤੇ ਨੁਕਸਾਨ ਹੋ ਸਕਦਾ ਹੈ। ਹੈਕਿੰਗ ਅਤੇ ਸਾਇਬਰ ਅਪਰਾਧਾਂ ਦੀ ਸੰਭਾਵਨਾ ਵੀ ਵੱਧ ਰਹੀ ਹੈ, ਕਿਉਂਕਿ ਜਿਵੇਂ-ਜਿਵੇਂ ਰੋਬੋਟ ਅਤੇ ਏਆਈ ਸਿਸਟਮ ਇੰਟਰਨੈੱਟ ਨਾਲ ਜੁੜਦੇ ਹਨ, ਉਹਨਾਂ ਨੂੰ ਸੁਰੱਖਿਆ ਦੇ ਮਾਮਲਿਆਂ 'ਚ ਜ਼ਿਆਦਾ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਤੀਜਾ ਖਤਰਾ, ਰੋਬੋਟਾਂ ਦਾ ਮਨੁੱਖਾਂ ਤੋਂ ਬੇਹਤਰੀ ਹਾਸਲ ਕਰਨਾ ਹੈ। ਜੇਕਰ ਰੋਬੋਟਾਂ ਨੂੰ ਮਨੁੱਖੀ ਬੁੱਧੀ ਅਤੇ ਯੋਗਤਾ ਦੇਖ ਕੇ ਅੱਗੇ ਵਧਾਇਆ ਜਾਂਦਾ ਹੈ, ਤਾਂ ਉਹ ਇੱਕ ਵਾਰ ਐਸੇ ਪੱਧਰ ਤੇ ਪਹੁੰਚ ਸਕਦੇ ਹਨ ਜਿੱਥੇ ਉਹ ਮਨੁੱਖਾਂ ਲਈ ਖਤਰਾ ਬਣ ਸਕਦੇ ਹਨ। ਇਥੇ ਦੋ ਮੁੱਖ ਚਿੰਤਾਵਾਂ ਹਨ: ਪਹਿਲੀ, ਸਵਤੰਤਰ ਰੋਬੋਟਾਂ ਦੀ ਸੁਰੱਖਿਆ ਅਤੇ ਦੂਜੀ, ਉਹਨਾਂ ਦੇ ਫੈਸਲੇ ਲੈਣ ਦੀ ਸਮਰੱਥਾ। ਜੇਕਰ ਰੋਬੋਟਾਂ ਨੂੰ ਇੰਟੈਲੀਜੈਂਟ ਬਣਾਇਆ ਜਾਂਦਾ ਹੈ, ਤਾਂ ਉਹ ਆਪਣੇ ਆਪ ਫੈਸਲੇ ਲੈ ਸਕਦੇ ਹਨ, ਜੋ ਹਮੇਸ਼ਾ ਸਹੀ ਨਹੀਂ ਹੋ ਸਕਦੇ।


ਨੈਤਿਕ ਅਤੇ ਕਾਨੂੰਨੀ ਮੁੱਦੇ , ਇਕ ਹੋਰ ਮਹੱਤਵਪੂਰਨ ਚਿੰਤਾ ਹੈ। ਰੋਬੋਟਾਂ ਅਤੇ ਏਆਈ ਦੇ ਫੈਸਲੇ ਕਈ ਵਾਰ ਨੈਤਿਕ ਹੁੰਦੇ ਹਨ, ਜਿੰਨ੍ਹਾਂ ਦਾ ਸਹੀ ਜਾਂ ਗਲਤ ਦਾ ਨਿਰਣਾ ਕਰਨਾ ਅਸਾਨ ਨਹੀਂ। ਇਸ ਦੇ ਨਾਲ ਹੀ, ਜੇਕਰ ਕੋਈ ਰੋਬੋਟ ਕੋਈ ਗਲਤੀ ਕਰਦਾ ਹੈ ਜਾਂ ਨੁਕਸਾਨ ਪਹੁੰਚਾਉਂਦਾ ਹੈ, ਤਾਂ ਇਸ ਦੀ ਜ਼ਿੰਮੇਵਾਰੀ ਕਿਸ ਦੀ ਹੋਵੇਗੀ, ਇਸ 'ਤੇ ਵੀ ਵੱਡੀ ਚਰਚਾ ਜ਼ਰੂਰੀ ਹੈ। ਸੰਖੇਪ ਵਿੱਚ, ਏਆਈ ਰੋਬੋਟਿਕਸ ਦੇ ਵਿਕਾਸ ਨਾਲ ਬਹੁਤ ਸਾਰੇ ਖਤਰੇ ਜੁੜੇ ਹਨ, ਜੋ ਸਮਾਜ ਵਿੱਚ ਵੱਡੇ ਬਦਲਾਅ ਅਤੇ ਚੁਣੌਤੀਆਂ ਨੂੰ ਜਨਮ ਦੇ ਸਕਦੇ ਹਨ। ਇਹਨਾਂ ਖਤਰਿਆਂ ਦਾ ਹੱਲ ਲੱਭਣਾ ਅਤੇ ਸੁਚੱਜੇ ਨਿਯਮ ਬਣਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਇਹ ਤਕਨੀਕ ਸਾਡੇ ਲਈ ਲਾਭਕਾਰੀ ਸਾਬਿਤ ਹੋਵੇ ਅਤੇ ਖਤਰੇ ਘੱਟ ਕੀਤੇ ਜਾ ਸਕਣ।

ਆਉਣ ਵਾਲੇ ਸਮੇਂ ਵਿੱਚ ਏਆਈ ਰੋਬੋਟਿਕਸ ਦਾ ਭਵਿੱਖ ਬਹੁਤ ਦਿਲਚਸਪ ਅਤੇ ਵਿਆਪਕ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਹੋ ਸਕਦਾ ਹੈ। ਏਆਈ ਰੋਬੋਟਿਕਸ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਨੋਂ ਪੱਖ ਹਨ, ਜੋ ਇਸ ਦੀ ਵਿਆਪਕ ਪ੍ਰਭਾਵਸ਼ੀਲਤਾ ਨੂੰ ਦਰਸਾਉਂਦੇ ਹਨ। ਏਆਈ ਰੋਬੋਟਿਕਸ ਦਾ ਵਿਕਾਸ ਬਹੁਤ ਸਾਰੇ ਖੇਤਰਾਂ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆ ਸਕਦਾ ਹੈ। ਸਿਹਤ ਸੇਵਾਵਾਂ ਵਿੱਚ, ਰੋਬੋਟਾਂ ਦੀ ਮਦਦ ਨਾਲ ਜ਼ਿਆਦਾ ਸਹੀ ਅਤੇ ਤੇਜ਼ ਸਰਜਰੀ ਕੀਤੀ ਜਾ ਸਕਦੀ ਹੈ, ਜਿਸ ਨਾਲ ਮਰੀਜ਼ਾਂ ਦੀ ਸਿਹਤ ਅਤੇ ਜ਼ਿੰਦਗੀ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ। ਉਦਯੋਗਿਕ ਖੇਤਰਾਂ ਵਿੱਚ, ਰੋਬੋਟਿਕਸ ਦੇ ਆਉਣ ਨਾਲ ਉਤਪਾਦਨ ਦੀ ਦਰ ਤੇਜ਼ ਹੋਵੇਗੀ ਅਤੇ ਖਰਚੇ ਘੱਟ ਹੋਣਗੇ। ਇਹ ਮਨੁੱਖੀ ਮਿਹਨਤ ਨੂੰ ਘਟਾਉਣਗੇ ਅਤੇ ਨਵੀਂ ਨੌਕਰੀਆਂ ਦੇ ਮੌਕੇ ਪੈਦਾ ਕਰਨਗੇ ਜਿਵੇਂ ਕਿ ਰੋਬੋਟਿਕ ਸਿਸਟਮਾਂ ਦੀ ਡਿਜ਼ਾਇਨਿੰਗ, ਮੈਂਟੇਨੈਂਸ ਅਤੇ ਪ੍ਰੋਗਰਾਮਿੰਗ। ਰੋਜ਼ਾਨਾ ਦੇ ਜੀਵਨ ਵਿੱਚ, ਸਮਾਰਟ ਰੋਬੋਟ ਘਰੇਲੂ ਕੰਮਾਂ ਨੂੰ ਸੌਖਾ ਬਣਾਉਣਗੇ, ਜੋ ਮਨੁੱਖਾਂ ਨੂੰ ਹੋਰ ਸਿਰਜਣਾਤਮਕ ਅਤੇ ਮਨੋਰੰਜਨਕ ਗਤੀਵਿਧੀਆਂ ਲਈ ਵੱਧ ਸਮਾਂ ਦੇਣਗੇ।

ਦੂਜੇ ਪਾਸੇ, ਏਆਈ ਰੋਬੋਟਿਕਸ ਦੇ ਵਿਕਾਸ ਨਾਲ ਕੁਝ ਨਕਾਰਾਤਮਕ ਪ੍ਰਭਾਵ ਵੀ ਹੋ ਸਕਦੇ ਹਨ। ਸਭ ਤੋਂ ਵੱਡਾ ਖਤਰਾ ਬੇਰੁਜ਼ਗਾਰੀ ਦਾ ਹੈ। ਜਿਵੇਂ-ਜਿਵੇਂ ਰੋਬੋਟ ਮਨੁੱਖੀ ਕੰਮ ਸੰਭਾਲਣਗੇ, ਬਹੁਤ ਸਾਰੀਆਂ ਰਵਾਇਤੀ ਨੌਕਰੀਆਂ ਖਤਮ ਹੋਣਗੀਆਂ। ਇਸ ਨਾਲ ਸਮਾਜ ਵਿੱਚ ਆਰਥਿਕ ਅਸਮਾਨਤਾ ਵਧੇਗੀ। ਡਾਟਾ ਸੁਰੱਖਿਆ ਅਤੇ ਨਿੱਜਤਾ ਵੀ ਇੱਕ ਵੱਡੀ ਚਿੰਤਾ ਹੈ, ਕਿਉਂਕਿ ਰੋਬੋਟ ਬਹੁਤ ਸਾਰਾ ਡਾਟਾ ਇਕੱਠਾ ਕਰਨਗੇ ਜੋ ਗਲਤ ਹੱਥਾਂ ਵਿੱਚ ਜਾ ਸਕਦਾ ਹੈ। ਰੋਬੋਟਾਂ ਦੀ ਖੁਦਮੁਖਤਿਆਰਤਾ ਵੀ ਖਤਰਾ ਪੈਦਾ ਕਰ ਸਕਦੀ ਹੈ, ਜੇਕਰ ਉਹ ਮਨੁੱਖਾਂ ਦੇ ਕਾਬੂ ਤੋਂ ਬਾਹਰ ਹੋ ਜਾਣ। ਇਸ ਦੇ ਨਾਲ ਹੀ, ਨੈਤਿਕ ਅਤੇ ਕਾਨੂੰਨੀ ਮੁੱਦੇ ਵੀ ਉੱਭਰ ਸਕਦੇ ਹਨ ਜਿਵੇਂ ਕਿ ਰੋਬੋਟਾਂ ਦੇ ਫੈਸਲੇ ਤੇ ਇਹ ਨਿਰਣਾ ਕਰਨਾ ਕਿ ਜ਼ਿੰਮੇਵਾਰੀ ਕਿਸ ਦੀ ਹੈ ?

ਸੰਖੇਪ ਵਿੱਚ, ਏਆਈ ਰੋਬੋਟਿਕਸ ਦਾ ਭਵਿੱਖ ਬਹੁਤ ਹਦ ਤੱਕ ਮਨੁੱਖਤਾ ਲਈ ਲਾਭਦਾਇਕ ਹੋ ਸਕਦਾ ਹੈ, ਪਰ ਇਸ ਦੇ ਸਹੀ ਪ੍ਰਬੰਧਨ ਅਤੇ ਨਿਯਮਾਂ ਦੀ ਲੋੜ ਹੈ। ਸਾਨੂੰ ਇਨ੍ਹਾਂ ਤਕਨੀਕਾਂ ਦੇ ਸੁਚੱਜੇ ਵਿਕਾਸ ਅਤੇ ਵਰਤੋਂ ਲਈ ਸਾਵਧਾਨ ਅਤੇ ਜ਼ਿੰਮੇਵਾਰ ਰਹਿਣਾ ਪਵੇਗਾ, ਤਾਂ ਜੋ ਸਮਾਜ 'ਚ ਉਸਦਾ ਸਕਾਰਾਤਮਕ ਪ੍ਰਭਾਵ ਜ਼ਿਆਦਾ ਅਤੇ ਨਕਾਰਾਤਮਕ ਪ੍ਰਭਾਵ ਘੱਟ ਹੋਵੇ।

ਐਮ.ਸੀ.ਏ, ਐਮ.ਏ ਮਨੋਵਿਗਿਆਨ
ਕੰਪਿਊਟਰ ਅਧਿਆਪਕ
ਸ.ਸ.ਸ.ਸ. ਗਰਦਲੇ,ਰੂਪਨਗਰ




# ਸੰਭਾਵਨਾਵਾਂ ਦੀ ਅਹਿਮੀਅਤ

ਲੇਖਕ : ਮਲਵਿੰਦਰ
ਸੰਪਰਕ: +1-365-994-6744

ਸੰਭਾਵਨਾਵਾਂ ਭਵਿੱਖ ‘ਚ ਪਈਆਂ ਅਣਕਹੀਆਂ ਕਥਾਵਾਂ ਹੁੰਦੀਆਂ ਹਨ। ਇਨ੍ਹਾਂ ਕਥਾਵਾਂ ਦੇ ਰਹੱਸ ਨੂੰ ਸਮਝਣਾ, ਵਿਚਾਰਨਾ ਅਤੇ ਅਪਨਾਉਣਾ ਸਾਡੇ ਵਿਹਾਰ ਦਾ ਹਿੱਸਾ ਹੋਣਾ ਚਾਹੀਦਾ ਹੈ। ਸੰਵਾਦ ਰਚਾਉਣਾ ਸੰਭਾਵਨਾਵਾਂ ਦੀ ਤਲਾਸ਼ ਕਰਨੀ ਹੁੰਦੀ ਹੈ। ਸੰਭਾਵਨਾ ਇੱਕ ਮੌਕਾ ਹੁੰਦਾ ਹੈ ਜਿਹੜਾ ਵਾਪਰ ਸਕਦਾ ਹੈ ਤੇ ਸੱਚ ਵੀ ਹੋ ਸਕਦਾ ਹੈ। ਸਾਡਾ ਜੀਵਨ ਅਮੁੱਕ ਸੰਭਾਵਨਾਵਾਂ ਨਾਲ ਭਰਿਆ ਹੈ, ਪਰ ਅਸੀਂ ਸੰਭਾਵਨਾਵਾਂ ਨੂੰ ਦਰਕਿਨਾਰ ਕਰਕੇ ਵਿਰਾਸਤ ‘ਚ ਮਿਲੇ ਮੂਲ ਵਿਸ਼ਵਾਸਾਂ ਨੂੰ ਮੰਨਦਿਆਂ ਸੋਚ ਵਿਚਾਰ ਤੋਂ ਵਿਰਵੇ ਜੀਵਨ ਦੇ ਸੂਤਰ ਘੜਦੇ ਹਾਂ। ਇਹ ਸੂਤਰ ਸਾਨੂੰ ਨਿਰਪੱਖਤਾ ਨਾਲ ਫ਼ੈਸਲੇ ਲੈਣ ਤੋਂ ਵਰਜਦੇ ਹਨ। ਇਹ ਹੀ ਕਾਰਨ ਹੈ ਕਿ ਜੀਵਨ ਦੇ ਇਨ੍ਹਾਂ ਜਟਿਲ ਸਮਿਆਂ ‘ਚ ਸਾਨੂੰ ਸਮਾਜ ਨਾਲ ਬੜੇ ਗਿਲੇ ਹਨ। ਸਾਡਾ ਵਿਹਾਰ ਕੁਝ ਹੋਰ ਹੈ ਤੇ ਉਮੀਦਾਂ ਕੁਝ ਹੋਰ। ਸਾਡੀਆਂ ਉਮੀਦਾਂ, ਉਮੰਗਾਂ ਸਾਡੇ ਵਿਅਕਤੀਤਵ ਦੇ ਹਾਣ ਦੀਆਂ ਨਹੀਂ ਹਨ। ਸਾਡੇ ਕਿਰਦਾਰ ਸੰਸਿਆਂ ਨਾਲ ਭਰੇ ਹਨ। ਅਸੀਂ ਇਹ ਭਰਮ ਪਾਲਿਆ ਹੈ ਕਿ ਸਾਡਾ ਕੋਈ ਸੰਗੀ ਸਾਥੀ ਨਹੀਂ ਹੈ। ਅਸੀਂ ਇਕਲਾਪਿਆਂ ਨਾਲ ਭਰੇ ਹਾਂ। ਸਾਡੇ ਵਿਸ਼ਵਾਸ ਦੇ ਪੈਰਾਂ ਹੇਠਲੀ ਭੋਇੰ ਚਿਲਕਵੀਂ ਹੈ। ਬੇਵਿਸਾਹੀ ਨਾਲ ਭਰੇ ਅਸੀਂ ਆਪਣੇ ਹੀ ਅੰਦਰ ਸੁੰਗੜ ਕੇ ਬੈਠੇ ਹਾਂ। ਬਾਹਰੀ ਪ੍ਰਸਥਿਤੀਆਂ ਨਾਲ ਸਾਡਾ ਰਿਸ਼ਤਾ ਬੇਗਾਨਗੀ ਵਾਲਾ ਹੈ। ਅਸੀਂ ਧਨ ਇਕੱਤਰ ਕਰਨ ਤੇ ਵੱਧ ਤੋਂ ਵੱਧ ਜਾਇਦਾਦ ਬਣਾਉਣ ਨੂੰ ਆਪਣੇ ਜੀਵਨ ਦੀ ਸਫ਼ਲਤਾ ਸਮਝਦੇ ਹਾਂ। ਸਾਹਿਤ ਪੜ੍ਹਨਾ, ਸੰਗੀਤ ਸੁਣਨਾ ਤੇ ਹੋਰ ਸੂਖ਼ਮ ਕਲਾਵਾਂ ਨਾਲ ਜੁੜਨਾ ਤਾਂ ਸਾਡੇ ਲਈ ਫਾਲਤੂ ਦੇ ਆਹਰ ਹਨ। ਅਸੀਂ ਆਪਣੇ ਤੋਂ ਬਾਹਰ ਸੋਚਦੇ ਹੀ ਨਹੀਂ। ਆਪਣੀ ਇਸ ਸੋਚ ਕਰਕੇ ਅਸੀਂ ਆਪਣੇ ਦੁਆਲੇ ਅੰਧਕਾਰ ਸਿਰਜ ਲੈਂਦੇ ਹਾਂ। ਅਸੀਂ ਅੰਧਕਾਰ ਵਿੱਚ ਜੀਅ ਰਹੇ ਲੋਕ ਹਾਂ। ਅਸੀਂ ਆਪਣੇ ਆਪ ਨੂੰ ਨਫ਼ਰਤ ਕਰਦੇ ਹਾਂ। ਕਹਿੰਦੇ ਹਨ ਕਿ ਨਫ਼ਰਤ ਕਲਪਨਾ ਦੀ ਘਾਟ ਹੈ। ਇਹ ਦਰੁਸਤ ਲੱਗਦਾ ਹੈ। ਕਲਪਨਾ ਤੁਹਾਨੂੰ ਸੂਖ਼ਮ ਕਲਾਵਾਂ ਨਾਲ ਜੋੜਦੀ ਹੈ। ਕਲਾਵਾਂ ਤੁਹਾਨੂੰ ਜੀਵਨ ਜਿਊਣ ਦਾ ਵੱਲ ਸਿਖਾਉਂਦੀਆਂ ਹਨ। ਸੇਕਸ਼ਪੀਅਰ ਦਾ ਕਹਿਣਾ ਹੈ ਕਿ ਕਲਾ ਦਾ ਮਕਸਦ ਜੀਵਨ ਨੂੰ ਇੱਕ ਆਕਾਰ ਦੇਣਾ ਹੈ। ਅਸੀਂ ਆਕਾਰ ਤੋਂ ਬਾਹਰ ਵਿਚਰ ਰਹੇ ਲੋਕ ਹਾਂ। ਆਪਣੇ ਆਪ ਨੂੰ ਨਫ਼ਰਤ ਕਰਦਿਆਂ ਇੰਝ ਲੱਗਦਾ ਹੈ ਕਿ ਪਿਆਰ ਕਰਨਾ ਤਾਂ ਅਸੀਂ ਸਿੱਖਿਆ ਹੀ ਨਹੀਂ। ਪਿਆਰ ਤਾਂ ਸਾਡੇ ਲਈ ਵਰਜਿਤ ਸ਼ਬਦ ਹੈ। ਸਾਡਾ ਸਮਾਜ ਪਿਆਰ ਦਾ ਦੁਸ਼ਮਣ ਹੈ। ਸਾਡੀ ਸੋਚ ਤਾਂ ਸੁਖ ਸਹੂਲਤਾਂ ਦੇ ਅੰਬਾਰ ਲਾਉਣੇ ਹਨ। ਪਿਆਰ ਦੀ ਅਣਹੋਂਦ ਜੰਗਾਂ ਯੁੱਧਾਂ ਦਾ ਕਾਰਨ ਬਣਦੀ ਹੈ। ਨਫ਼ਰਤ ਨੂੰ ਸੱਤਾ ‘ਤੇ ਕਾਬਜ਼ ਧਿਰ ਹਥਿਆਰ ਵਜੋਂ ਵਰਤਦੀ ਹੈ। ਪਿਆਰ ਦਾ ਹਥਿਆਰ ਮਾਨਵੀ ਕਦਰਾਂ ਕੀਮਤਾਂ ਮਿੱਥਦਾ ਹੈ। ਰਿਸ਼ਤਿਆਂ ਦੀ ਹੰਢਣਸਾਰਤਾ ਤੇ ਸਮਾਜ ਦੀ ਖ਼ੁਸ਼ਹਾਲੀ ਪਿਆਰ ਦੀ ਮੁਥਾਜ ਹੈ।

ਅਸੀਂ ਧਰਮ ਦੀ ਵਿਆਖਿਆ ਕਰਦਿਆਂ ਸਬਰ ਸੰਤੋਖ ਦਾ ਪ੍ਰਚਾਰ ਕਰਦੇ ਹਾਂ। ਧਰਮ ਅਸਥਾਨਾਂ ‘ਤੇ ਜਾ ਕੇ ਪੂਜਾ ਅਰਚਨਾ ਕਰਦੇ ਹਾਂ। ਇਹ ਸਭ ਵਿਰਾਸਤ ਵਿੱਚ ਮਿਲੇ ਵਿਸ਼ਵਾਸ ਹਨ। ਸਾਡੀ ਸੋਚ ਤਾਂ ਪੂੰਜੀਵਾਦੀ ਵਿਚਾਰਾਂ ਵਿੱਚ ਜਕੜੀ ਹੈ। ਚੇਤਨਾ ਸਾਡੀ ਸੋਚ ਦਾ ਵਿਸ਼ਾ ਹੋਣਾ ਚਾਹੀਦਾ ਹੈ। ਇਸ ਦੀ ਗ਼ੈਰਹਾਜ਼ਰੀ ਵਿੱਚ ਸਾਡਾ ਦਿਮਾਗ ਵਿਚਲਿਤ ਹੁੰਦਾ ਹੈ। ਸਾਡੇ ਵਿਅਕਤੀਤਵ ਵਿੱਚ ਬਦਲਾਅ ਆਉਂਦੇ ਹਨ। ਜੀਵਨ ਸਥਿਰ ਨਹੀਂ ਰਹਿੰਦਾ। ਇਹ ਗੱਲਾਂ ਯਾਦ ਨਹੀਂ ਰੱਖਾਗੇ ਤਾਂ ਸਿਹਤ ਵਿੱਚ ਮਾਨਸਿਕ ਵਿਗਾੜ ਪੈਦਾ ਹੋਣਗੇ। ਚਿੰਤਾਵਾਂ ਤੁਹਾਡੇ ‘ਤੇ ਭਾਰੂ ਹੋ ਜਾਣਗੀਆਂ। ਇਹ ਕਠਿਨ ਸਥਿਤੀ ਹੁੰਦੀ ਹੈ। ਸਾਨੂੰ ਇਸ ਦਾ ਕੋਈ ਸਿੱਧਾ ਅਨੁਭਵ ਨਹੀਂ ਹੁੰਦਾ। ਅਜਿਹੀ ਸਥਿਤੀ ਵਿੱਚ ਕੁਝ ਲੋਕ ਚੁੱਪ ਦੀ ਬੁੱਕਲ ਮਾਰ ਲੈਂਦੇ ਹਨ। ਉਹ ਲੋੜ ਤੋਂ ਵੱਧ ਅੰਤਰਮੁਖੀ ਹੋ ਜਾਂਦੇ ਹਨ। ਇਹ ਮਾਨਸਿਕ ਵਿਗਾੜ ਦੇ ਪੈਦਾ ਹੋਣ ਦਾ ਸੰਕੇਤ ਵੀ ਹੋ ਸਕਦਾ ਹੈ। ਵਕਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਵਕਤ ਨੂੰ ਥੰਮਣ ਲਈ ਪਿਆਰ ਕਰੋ। ਵਕਤ ਦੇ ਨਾਲ ਤੁਰਨ ਲਈ ਕਿਤਾਬਾਂ ਪੜ੍ਹੋ। ਵਕਤ ਗੁਜ਼ਾਰਨ ਲਈ ਸੰਗੀਤ ਸੁਣਨਾ ਵਧੀਆ ਆਹਰ ਹੈ। ਵਕਤ ਨੂੰ ਜਾਣਨ, ਸਮਝਣ ਤੇ ਮਹਿਸੂਸ ਕਰਨ ਲਈ ਲਿਖਣਾ ਸਾਰਥਕ ਕਾਰਜ ਹੈ। ਲਿਖਣ ਨਾਲ ਤੁਹਾਡੇ ਅੰਦਰ ਦੇ ਉਹ ਭੇਤ ਵੀ ਖੁੱਲ੍ਹ ਜਾਂਦੇ ਹਨ ਜਿਨ੍ਹਾਂ ਨੂੰ ਤੁਸੀਂ ਬੋਲ ਕੇ ਪ੍ਰਗਟ ਨਹੀਂ ਕਰ ਸਕਦੇ। ਤੁਹਾਡਾ ਮਨ ਹਲਕਾ ਹੋ ਜਾਂਦਾ ਹੈ। ਪੜ੍ਹਨਾ ਲਿਖਣਾ ਮਨ ਦੀ ਇਕਾਗਰਤਾ ਲਈ ਸਭ ਤੋਂ ਉੱਤਮ ਸਾਧਨ ਹੈ। ਮਨ ਦੀ ਇਕਾਗਰਤਾ ਨੂੰ ਬਣਾਈ ਰੱਖਣਾ ਸਿਹਤਮੰਦੀ ਲਈ ਬਹੁਤ ਜ਼ਰੂਰੀ ਹੈ। ਅਸੀਂ ਹਰ ਛਿਣ ਕੁਝ ਖਰੀਦ ਰਹੇ ਜਾਂ ਵਿਕ ਰਹੇ ਹਾਂ। ਇਹ ਪੂੰਜੀਵਾਦੀ ਵਰਤਾਰਾ ਹੈ। ਸਹਿਜ, ਸੁਹਜ ਤੇ ਸੁਹੱਪਣ ਇਸ ਵਰਤਾਰੇ ਤੋਂ ਬਾਹਰ ਦੀਆਂ ਗੱਲਾਂ ਹਨ। ਖਰੀਦਣ, ਵਿਕਣ ਦੇ ਇਸ ਵਪਾਰਕ ਸਿਸਟਮ ਤੋਂ ਬਾਹਰ ਵੀ ਜ਼ਿੰਦਗੀ ਹੈ। ਉਸ ਜ਼ਿੰਦਗੀ ਨੂੰ ਅਸੀਂ ਭੁੱਲੇ ਬੈਠੇ ਹਾਂ। ਸਾਡੀ ਜ਼ਿੰਦਗੀ ਦੇ ਕੇਂਦਰ ਵਿੱਚ ਮੁਨਾਫ਼ਾ ਆ ਗਿਆ ਹੈ। ਸਾਡੇ ਜਿਉਣ ਦੇ ਸਬੱਬ ਤਾਂ ਕਿਤੇ ਹੋਰ ਪਏ ਹਨ। ਅਸੀਂ ਤਾਂ ਜ਼ਿੰਦਗੀ ਦੇ ਉਸ ਮੌਸਮ ਨੂੰ ਗਲ਼ ਲਾਈ ਬੈਠੇ ਹਾਂ ਜੋ ਨਿੱਜ ਵਿੱਚੋਂ ਨਿਕਲਦਾ, ਪਰਿਵਾਰਾਂ ਵਿੱਚੋਂ ਲੰਘਦਾ ਪੂਰੇ ਸਮਾਜ ਵਿੱਚ ਫੈਲਦਾ ਉਦਾਸੀਆਂ ਤੇ ਚਿੰਤਾਵਾਂ ਦਾ ਮੌਸਮ ਹੈ।

ਇਸ ਮੌਸਮ ‘ਚੋਂ ਬਾਹਰ ਨਿਕਲਣ ਦਾ ਕੰਮ ਔਖਾ ਵੀ ਨਹੀਂ ਹੈ। ਧਿਆਨ ਦਾ ਕੋਣ ਬਦਲਣਾ ਪੈਣਾ ਹੈ। ਵਸਤਾਂ, ਵਰਤਾਰਿਆਂ ਨੂੰ ਵੇਖਣ, ਸਮਝਣ ਦਾ ਦ੍ਰਿਸ਼ਟੀਕੋਣ ਬਦਲਣਾ ਪੈਣਾ ਹੈ। ਹਰ ਵੇਲ਼ੇ ਕਿਸੇ ਖ਼ੂਬਸੂਰਤੀ ਦੀ ਤਲਾਸ਼ ਕਰਦੇ ਰਹਿਣਾ ਪੈਣਾ ਹੈ। ਕੋਈ ਚਿਹਰਾ, ਕਵਿਤਾ ਦੀ ਕੋਈ ਸਤਰ, ਆਸਮਾਨ ਵਿੱਚ ਬੱਦਲਾਂ ਦੁਆਰਾ ਸਿਰਜਿਆ ਕੋਈ ਚਿੱਤਰ, ਪੰਛੀਆਂ ਦੀਆਂ ਆਵਾਜ਼ਾਂ, ਪੌਣ ਦਾ ਬਿਰਖਾਂ ਥੀਂ ਰੁਮਕਣਾ, ਪੱਤਝੜ ਦੇ ਰੰਗ, ਪੁੰਗਰ ਰਹੀ ਹਰਿਆਵਲ ਦਾ ਅਹਿਸਾਸ ਆਪਣੇ ਅੰਦਰ ਵਸਾਉਣਾ ਪੈਣਾ ਹੈ। ਇਹ ਸੁੰਦਰਤਾ ਦਾ ਅਹਿਸਾਸ ਹੈ। ਸੁੰਦਰਤਾ ਮਨ ਨੂੰ ਲੁਭਾਉਂਦੀ ਹੈ। ਆਪਣੇ ਅੰਦਰ ਨਫ਼ਰਤ ਪਾਲਣੀ ਜ਼ਹਿਰੀਲੇ ਜੀਵ ਨੂੰ ਚਿੱਥਣ ਵਾਂਗ ਹੁੰਦਾ ਹੈ। ਨਫ਼ਰਤ ਸਥਿਤੀ ਦਾ ਸਹੀ ਵਿਸ਼ਲੇਸ਼ਣ ਨਹੀਂ ਕਰਨ ਦਿੰਦੀ। ਨਫ਼ਰਤ ਸਾਡੀਆਂ ਭਾਵਨਾਵਾਂ ਅਤੇ ਸੋਚ ਨੂੰ ਵਿਚਲਿਤ ਕਰਦੀ ਹੈ। ਸੱਚ ਇਹ ਹੈ ਕਿ ਸਾਡੀ ਨਫ਼ਰਤ ਤਾਂ ਸਹੀ ਟਿਕਾਣੇ ‘ਤੇ ਪਹੁੰਚਦੀ ਹੀ ਨਹੀਂ। ਇਹ ਤਾਂ ਸਾਡੇ ਅੰਦਰ ਰੋਗ ਬਣ ਕੇ ਬੈਠ ਜਾਂਦੀ ਹੈ। ਅਰੋਗ ਹੋਣ ਲਈ ਸਵੇਰੇ ਵੇਲ਼ੇ ਨਾਲ ਉੱਠਣਾ, ਨਹਾਉਣਾ, ਸੈਰ ਕਰਨੀ, ਦੋਸਤਾਂ ਨੂੰ ਮਿਲਣਾ, ਗੱਪ-ਸ਼ੱਪ ਮਾਰਨੀ, ਨਿਮਰ ਰਹਿਣਾ ਕੁਝ ਸਿਹਤਮੰਦ ਵਰਤਾਰੇ ਹਨ। ਸਾਡੇ ਮੁਹੱਲੇ ਦੀ ਦੁਕਾਨ ‘ਤੇ ਮੈਂ ਜਦ ਵੀ ਜਾਂਦਾ, ਦੁਕਾਨਦਾਰ ਟੀ.ਵੀ. ‘ਤੇ ਖ਼ਬਰਾਂ ਸੁਣ ਰਿਹਾ ਖਿਝਿਆ ਹੁੰਦਾ। ਉਸ ਨੂੰ ਸਮਝਾਇਆ ਕਿ ਮੈਂ ਕਈ ਵਰ੍ਹਿਆਂ ਤੋਂ ਟੀ.ਵੀ. ਵੇਖਣਾ ਘਟਾਇਆ ਹੈ ਤੇ ਖ਼ਬਰਾਂ ਸੁਣਨੀਆਂ ਤਾਂ ਬਿਲਕੁਲ ਬੰਦ ਕੀਤੀਆਂ ਹਨ। ਮੈਂ ਸੁਖੀ ਹਾਂ, ਸ਼ਾਂਤ ਹਾਂ। ਆਉਂਦੇ ਦਿਨਾਂ ਦੌਰਾਨ ਮੈਂ ਉਸ ਦੁਕਾਨਦਾਰ ਵਿੱਚ ਤਬਦੀਲੀ ਵੇਖੀ। ਸੋਸ਼ਲ ਮੀਡੀਆ ਨੇ ਦੁਨੀਆ ਨੂੰ ਬਿਨਾਂ ਕੰਮ ਦੇ ਆਹਰੇ ਲਾ ਰੱਖਿਆ ਹੈ। ਅਸੀਂ ਬੱਸਾਂ, ਕਾਰਾਂ, ਰੇਲਾਂ ਤੇ ਜਹਾਜ਼ਾਂ ਦਾ ਸਫ਼ਰ ਮੋਬਾਈਲ ਦੀ ਉਂਗਲ ਫੜ ਕੇ ਕਰਦੇ ਹਾਂ। ਅਸੀਂ ਭੋਜਨ ਮੋਬਾਈਲ ਦੇ ਅੰਦਰ ਬਹਿ ਕੇ ਕਰਦੇ ਹਾਂ। ਸਾਡਾ ਰੈਣ ਬਸੇਰਾ ਮੋਬਾਈਲ ਦੇ ਅੰਦਰ ਹੋ ਗਿਆ ਹੈ। ਸਾਡੇ ਬਹੁਤ ਸਾਰੇ ਜ਼ਰੂਰੀ ਕੰਮ ਪਛੜ ਜਾਂਦੇ ਹਨ। ਸਾਡੇ ਚੇਤਿਆਂ ‘ਚੋਂ ਹੁਣੇ ਹੁਣੇ ਫੁਰੀ ਕਵਿਤਾ ਵਿਸਰ ਜਾਂਦੀ ਹੈ। ਸੋਸ਼ਲ ਮੀਡੀਆ ਨੇ ਸਾਡੀ ਵਿਹਲ ਨਿਗਲ ਲਈ ਹੈ। ਸਾਡੀ ਤੰਦਰੁਸਤੀ ਰੋਗ-ਗ੍ਰਸਤ ਹੋ ਰਹੀ ਹੈ। ਪਰਿਵਾਰਾਂ ਵਿਚਲੀ ਅਪਣੱਤ ਖਿਝ ਵਿੱਚ ਬਦਲ ਰਹੀ ਹੈ। ਚੈਨਲਾਂ ‘ਤੇ ਇਕਪਾਸੜ ਖ਼ਬਰਾਂ ਵਿੱਚ ਰੱਜ ਕੇ ਝੂਠ ਬੋਲਿਆ ਜਾਂਦਾ ਹੈ। ਵੱਖ-ਵੱਖ ਪਾਰਟੀਆਂ ਦੇ ਬੁਲਾਰੇ ਬੁਲਾ ਕੇ ਕਰਵਾਈ ਜਾਂਦੀ ਬਹਿਸ ਵਿੱਚ ਅਸੀਂ ਭੋਲ਼ੇ ਭਾਅ ਇੱਕ ਧਿਰ ਬਣ ਬਹਿੰਦੇ ਹਾਂ। ਸਾਡਾ ਸਹਿਜ ਵਿਗੜ ਜਾਂਦਾ ਹੈ। ਅਸੀਂ ਖਿਝੇ ਖਿਝੇ ਰਹਿੰਦੇ ਹਾਂ। ਇਹ ਸਾਡੇ ਡਿਪਰੈਸ਼ਨ ਵਿੱਚ ਜਾਣ ਦਾ ਸਬੱਬ ਵੀ ਬਣ ਸਕਦਾ ਹੈ।

ਪਿੰਡਾਂ ਵਿੱਚ ਕਿਸੇ ਵਿਸ਼ਾਲ ਬਿਰਖ ਦੀ ਛਾਵੇਂ ਮੇਲੇ ਜੁੜਦੇ ਸਨ। ਇਹ ਮੇਲੇ ਭਾਈਚਾਰਕ ਸਾਂਝ ਦਾ ਸਾਂਝਾ ਸ਼ੌਕ ਤੇ ਉਪਰਾਲਾ ਸਨ। ਘਰਾਂ ਦੇ ਝਮੇਲੇ, ਫ਼ਿਕਰ, ਚਿੰਤਾਵਾਂ ਤੇ ਦੁਸ਼ਵਾਰੀਆਂ ਇਨ੍ਹਾਂ ਮੇਲਿਆਂ ਤੋਂ ਦੂਰ ਰਹਿੰਦੇ ਸਨ। ਬਿਰਖਾਂ ਕੋਲ ਬੈਠਣਾ, ਉਨ੍ਹਾਂ ਨੂੰ ਨਿਹਾਰਨਾ, ਸੰਭਾਲ ਕਰਨੀ, ਨਵੇਂ ਪੌਦੇ ਲਾਉਣੇ ਅਨੂਠਾ ਅਨੁਭਵ ਹੁੰਦਾ ਸੀ। ਇਹ ਕੁਦਰਤ ਨਾਲ ਸਾਡਾ ਅੰਤਰੀਵ ਪਿਆਰ ਸੀ। ਪਿਆਰ ਨਫ਼ਰਤ ਦਾ ਵਿਪਰੀਤ ਸ਼ਬਦ ਹੈ। ਜੇਕਰ ਕੋਈ ਤੁਹਾਨੂੰ ਪਿਆਰ ਕਰਦਾ ਹੈ ਤਾਂ ਤੁਹਾਡਾ ਉਸ ਉਪਰ ਸ਼ੱਕ ਕਰਨਾ ਤੁਹਾਡੇ ਅੰਦਰਲੇ ਸੰਦੇਹ ਦੀ ਮਜਬੂਰੀ ਹੋ ਸਕਦੀ ਹੈ। ਕੁਦਰਤ ਨੂੰ ਪਿਆਰ ਕਰਨ ਲਈ ਕਿਸੇ ਦੀ ਆਗਿਆ ਨਹੀਂ ਲੈਣੀ ਪੈਂਦੀ। ਜੰਗਲਾਂ ‘ਚ ਪਲੀ ਸੱਭਿਅਤਾ ਥਲਾਂ ‘ਚ ਪਲ਼ੀ ਸੱਭਿਅਤਾ ਨਾਲੋਂ ਭਿੰਨ ਹੁੰਦੀ ਹੈ। ਤਪਦੀ ਰੇਤ ਕੋਲ ਸੀਨੇ ਨੂੰ ਠੰਢ ਪਾਉਣ ਵਾਲੀ ਘਣੀ ਛਾਂ ਤੇ ਰੁਮਕਦੀ ਠੰਢੀ ਪੌਣ ਨਹੀਂ ਹੁੰਦੀ। ਸਾਡੀਆਂ ਸੋਚਾਂ ਕੁਦਰਤ ਦੀ ਹੀ ਦੇਣ ਹਨ। ਕੁਦਰਤ ਦੇ ਅਸੀਮ ਸ੍ਰੋਤਾਂ ‘ਚੋਂ ਮੁਨਾਫ਼ਾ ਕਮਾਉਣ ਦੇ ਲਾਲਚ ਨੇ ਕੁਦਰਤ ਦਾ ਬੇਹੱਦ ਵਿਗਾੜ ਕੀਤਾ ਹੈ। ਇਸ ਵਿਗਾੜ ਨੇ ਸਦੀਆਂ ਤੋਂ ਉੱਥੇ ਵੱਸ ਰਹੇ ਆਦਿਵਾਸੀ ਲੋਕਾਂ ਨੂੰ ਉਜਾੜਿਆ ਹੈ। ਬੇਚੈਨੀ ਪੈਦਾ ਹੋਈ ਹੈ। ਸੱਤਾ ਨਾਲ ਸਿੱਧੀ ਟੱਕਰ ਨੇ ਹਿੰਸਾ ਨੂੰ ਜਨਮ ਦਿੱਤਾ ਹੈ। ਵਤਨ ਪ੍ਰਤੀ ਬੇਗਾਨਗੀ ਦਾ ਅਹਿਸਾਸ ਗੂੜ੍ਹਾ ਹੋਇਆ ਹੈ। ਦੇਸ਼ ਭਗਤੀ ਕਿਤਾਬਾਂ ਦਾ ਸ਼ਿੰਗਾਰ ਬਣਕੇ ਰਹਿ ਗਈ ਹੈ। ਜ਼ਿੰਦਗੀ ਵਿੱਚ ਉਤਰਾਅ ਚੜ੍ਹਾਅ ਆਉਂਦੇ ਰਹਿੰਦੇ ਹਨ। ਚੰਗਾ ਬੁਰਾ ਹੁੰਦਾ ਰਹਿੰਦਾ ਹੈ। ਤੁਹਾਡੇ ਕੋਲ ਸੱਚ ਹੋਣਾ ਚਾਹੀਦਾ ਹੈ। ਆਪਣੇ ਮਨ ਦੇ ਰਹਿਣ ਲਈ ਸੁਖਦਾਇਕ ਘਰ ਦਾ ਨਿਰਮਾਣ ਕਰੋ। ਖੁੱਲ੍ਹੀ ਹਵਾ ਵਿੱਚ ਅਤੇ ਸਹਿਣਯੋਗ ਧੁੱਪ ਵਿੱਚ ਟਹਿਲਣਾ ਥੱਕੀ ਰੂਹ ਨੂੰ ਆਰਾਮ ਦਿੰਦਾ ਹੈ।

# ਹਰੀ ਕਰਾਂਤੀ ਦੇ ਬਰਬਾਦ ਕੀਤੇ ਪੰਜਾਬ ਨੂੰ ਹਰੀ ਊਰਜਾ ਕਰਾਂਤੀ ਦੀ ਲੋੜ

ਲੇਖਕ : ਰਵਿੰਦਰ ਚੋਟ
ਸੰਪਰਕ : 98726 - 73703

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਧਰਤੀ ‘ਤੇ ਪਿਛਲੇ ਸਮੇਂ ਵਿੱਚ ਕੋਲਾ, ਤੇਲ ਅਤੇ ਗੈਸ ਹੀ ਮੁੱਖ ਤੌਰ ‘ਤੇ ਊਰਜਾ ਦੇ ਸਾਧਨ ਰਹੇ ਹਨ। ਭੂ ਵਿਗਿਆਨੀਆਂ ਨੇ ਇਹ ਦੱਸਿਆ ਸੀ ਕਿ ਲੱਖਾਂ ਕਰੋੜਾਂ ਸਾਲ ਪਹਿਲਾਂ ਧਰਤੀ ਦੀ ਉਥਲ ਪੁਥਲ ਕਾਰਨ ਉਸ ਸਮੇਂ ਦੀ ਬਨਸਪਤੀ, ਜਾਨਦਾਰ ਪ੍ਰਾਣੀ ਅਤੇ ਹੋਰ ਨਿਕਸੁਕ ਧਰਤੀ ਹੇਠ ਦੱਬਿਆ ਗਿਆ। ਬਨਸਪਤੀ ਅਤੇ ਰੁੱਖ ਧਰਤੀ ਦੇ ਭਾਰੀ ਦਬਾਅ ਹੇਠ ਕੋਲਾ ਬਣ ਗਏ ਅਤੇ ਜਾਨਦਾਰ ਪ੍ਰਾਣੀਆਂ ਦੀ ਮਿੱਝ ਹੀ ਤੇਲ/ਪੈਟਰੋਲੀਅਮ ਵਿੱਚ ਤਬਦੀਲ ਹੋ ਗਈ। ਇਹ ਭੰਡਾਰ ਸੀਮਤ ਹਨ ਅਤੇ ਇਹਨਾਂ ਵਿੱਚ ਵਾਧਾ ਨਹੀਂ ਹੋ ਰਿਹਾ। ਮਨੁੱਖ ਇਹਨਾਂ ਦੀ ਆਪਣੀਆਂ ਲੋੜਾਂ ਤੋਂ ਵੀ ਵੱਧ ਵਰਤੋਂ ਕਰਦਾ ਆ ਰਿਹਾ ਹੈ। ਇਹ ਵੀ ਸਪਸ਼ਟ ਹੋ ਚੁੱਕਾ ਹੈ ਕਿ ਇਹ ਸਾਧਨ ਹੋਰ ਬਹੁਤਾਂ ਸਮਾਂ ਨਹੀਂ ਚੱਲਣਗੇ ਕਿਉਂਕਿ ਵਿਗਿਆਨੀਆਂ ਦੇ ਨਿਰਣੇ ਮੁਤਾਬਕ ਇਹ ਸਾਧਨ ਜਲਦੀ ਖਤਮ ਹੋਣ ਵਾਲੇ ਹਨ। ਇੱਕ ਅੰਦਾਜ਼ੇ ਮੁਤਾਬਕ ਜੇ ਖਪਤ ਦੀ ਇਹੀ ਰਫਤਾਰ ਰਹੀ ਤਾਂ ਉਪਲਬਧ ਕੋਲਾ 2060 ਤਕ ਖਤਮ ਹੋਣ ਦੀ ਸੰਭਾਵਨਾ ਹੈ ਅਤੇ ਤੇਲ ਹੋਰ 50 ਸਾਲ ਤਕ ਚੱਲੇਗਾ। ਧਰਤੀ ਹੇਠ ਬਾਕੀ ਬਚਦਾ ਤੇਲ ਅਤੇ ਕੋਲਾ ਮਨੁੱਖ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ ਕਿਉਂਕਿ ਜਾਂ ਤਾਂ ਇਹ ਬਹੁਤ ਡੂੰਘਾ ਹੋਵੇਗਾ ਜਾਂ ਅਗਿਆਤ ਹੋਵੇਗਾ। ਇਸ ਲਈ ਸਾਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਚਾਲੂ ਰੱਖਣ ਲਈ ਇਹਨਾਂ ਦੇ ਬਦਲ ਲੱਭਣੇ ਪੈਣਗੇ। ਇਹਨਾਂ ਸਾਧਨਾਂ ਦੇ ਵੱਡੇ ਵਪਾਰੀ, ਜਿਹੜੇ ਇਹਨਾਂ ਤੋਂ ਬੇਹਿਸਾਬਾ ਧੰਨ ਕਮਾਉਂਦੇ ਰਹੇ ਹਨ, ਇਹਨਾਂ ਦੇ ਮੁੱਕਣ ‘ਤੇ ਉਹਨਾਂ ਨੂੰ ਹੋਰ ਕਮਾਈ ਦੇ ਸਾਧਨ ਲੱਭਣ ਦੀ ਚਿੰਤਾ ਬਣ ਰਹੀ ਹੈ। ਇਸ ਲਈ ਉਹਨਾਂ ਦੇ ਖਰੀਦੇ ਹੋਏ ਵਿਗਿਆਨੀ ਉਹਨਾਂ ਲਈ ਕਮਾਈ ਦੇ ਹੋਰ ਸਾਧਨ ਜੁਟਾਉਣ ਵਿੱਚ ਲੱਗੇ ਹੋਏ ਹਨ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਕੁਦਰਤ ਨੇ ਸਾਡੇ ਲਈ ਸ਼ਕਤੀ ਦੇ ਅਣਗਿਣਤ ਸੋਮੇ ਪੈਦਾ ਕੀਤੇ ਹੋਏ ਹਨ ਪਰ ਅਸੀਂ ਸਹੀ ਵਰਤੋਂ ਨਾ ਕਰਕੇ ਕੁਦਰਤ ਦਾ ਨਿਰਾਦਰ ਹੀ ਨਹੀਂ ਕਰ ਰਹੇ ਸਗੋਂ ਆਪਣੇ ਲਈ ਬਹੁਤ ਸਾਰੀਆਂ ਮੁਸੀਬਤਾਂ ਸਹੇੜ ਰਹੇ ਹਾਂ।

ਜਿਸ ਤਰ੍ਹਾਂ ਅਸੀਂ ਧਰਤੀ ‘ਤੇ ਮਿੱਟੀ, ਪਾਣੀ ਤੇ ਹਵਾ ਨੂੰ ਪ੍ਰਦੂਸ਼ਿਤ ਕਰ ਕੇ ਪਛਤਾ ਰਹੇ ਹਾਂ ਤੇ ਕੁਦਰਤ ਦੀ ਹਰ ਕਰੋਪੀ ਝੱਲ ਰਹੇ ਹਾਂ, ਉਸੇ ਤਰ੍ਹਾਂ ਅਸੀਂ ਕੋਲਾ, ਤੇਲ ਤੇ ਗੈਸ ਦੀ ਬੇਲੋੜੀ ਦੁਰਵਰਤੋਂ ਕਰਕੇ ਆਪਣੇ ਲਈ ਬਹੁਤ ਵੱਡੀ ਮੁਸੀਬਤ ਨੂੰ ਦਾਅਵਤ ਦੇ ਰਹੇ ਹਾਂ। ਕੁਦਰਤ ਦੀਆਂ ਦਾਤਾਂ ਨੂੰ ਸੰਜਮ ਨਾਲ ਵਰਤਣ ਦੀ ਥਾਂ ਅਸੀਂ ਗੁਲਸ਼ਰੇ ਉਡਾ ਰਹੇ ਹਾਂ। ਇਸਦੇ ਹੀ ਨਤੀਜੇ ਵਜੋਂ ਕੁਦਰਤੀ ਕਰੋਪੀਆਂ ਹੜ੍ਹ, ਤੂਫਾਨ ਤੇ ਭੂਚਾਲ ਆਦਿ ਸਾਡੀ ਮੱਤ ਨੂੰ ਹਲੂਣਾ ਦੇ ਰਹੇ ਹਨ ਪਰ ਅਸੀਂ ਸੁਧਰ ਨਹੀਂ ਰਹੇ। ਹੁਣ ਅਸੀਂ ਪਾਣੀ, ਹਵਾ ਅਤੇ ਸੂਰਜੀ ਰੋਸ਼ਨੀ ਦੀ ਊਰਜਾ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਮਜਬੂਰ ਹੋ ਗਏ ਹਾਂ। ਬਹੁਤ ਸਾਰੇ ਦੇਸ਼ਾਂ ਨੇ ਇਹਨਾਂ ਸਾਧਨਾਂ ਨੂੰ ਮਨੁੱਖੀ ਭਲਾਈ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਉੱਨਤ ਕਹੇ ਜਾਂਦੇ ਦੇਸ਼ ਇਹਨਾਂ ਤੋਂ ਬਿਜਲੀ ਪੈਦਾ ਕਰਕੇ ਹੋਰ ਉੱਨਤੀ ਵਲ ਵਧ ਰਹੇ ਹਨ। ਇਸੇ ਨੂੰ ਉਹਨਾਂ ਨੇ ਹਰੀ ਊਰਜਾ (ਗਰੀਨ ਅਨਰਜੀ) ਦਾ ਨਾਮ ਦਿੱਤਾ ਹੈ ਕਿਉਂਕਿ ਇਸ ਊਰਜਾ ਤੋਂ ਕੋਲੇ ਜਾਂ ਤੇਲ ਤੋਂ ਪੈਦਾ ਹੋ ਰਹੇ ਪ੍ਰਦੂਸ਼ਣ ਦੇ ਮੁਕਾਬਲੇ ਨਾ ਮਾਤਰ ਹੀ ਪ੍ਰਦੂਸ਼ਣ ਪੈਦਾ ਹੁੰਦਾ ਹੈ। ਇਹ ਸਾਧਨ ਈਕੋ-ਫਰੈਂਡਲੀ ਹਨ। ਸਾਡੇ ਦੇਸ਼ ਵਿੱਚ ਬਹੁਤੀ ਊਰਜਾ ਕੋਲੇ ਅਤੇ ਤੇਲ ਤੋਂ ਪੈਦਾ ਕੀਤੀ ਜਾਂਦੀ ਹੈ, ਕੁਝ ਹਾਈਡਰੋਪਾਵਰ ਤੋਂ ਕੀਤੀ ਜਾਂਦੀ ਹੈ। ਪਰ ਜਿੰਨੇ ਸਾਡੇ ਦੇਸ਼ ਵਿੱਚ ਦਰਿਆ ਅਤੇ ਨਦੀਆਂ ਝਰਨੇ ਹਨ, ਉਹਨਾਂ ਦਾ ਬਹੁਤਾ ਲਾਭ ਨਹੀਂ ਲਿਆ ਜਾ ਰਿਹਾ।

ਸੰਸਾਰ ਵਿੱਚ ਵੱਡੇ ਦੇਸ਼ਾਂ ਵਿੱਚੋਂ 134 ਦੇਸ਼ ਫੌਸਿਲ ਫਿਊਲ ਜਾਣੀ ਕੋਲੇ ਤੇ ਤੇਲ ਤੋਂ ਬਿਜਲੀ ਪੈਦਾ ਕਰਕੇ ਆਪਣੇ ਉਦਯੋਗ ਅਤੇ ਹੋਰ ਕਾਰੋਬਾਰ ਚਲਾਉਂਦੇ ਹਨ ਜਿਹੜੇ ਕਿ ਲਗਭਗ 65% ਬਣਦੇ ਹਨ। ਸਾਡੇ ਦੇਸ਼ ਨੂੰ ਵੀ ਇਹਨਾਂ ਵਿੱਚ ਹੀ ਗਿਣਿਆ ਜਾ ਸਕਦਾ ਹੈ। ਦੂਸਰੇ ਪਾਸੇ ਤਕਰੀਬਨ 66 ਦੇਸ਼ ਅਜਿਹੇ ਹਨ ਜਿਹੜੇ ਕਿ 31% ਦੇ ਨੇੜੇ ਹਨ - ਉਹ ਆਪਣਾ ਕਾਰੋਬਾਰ ਪੌਣ, ਪਾਣੀ ਤੇ ਸੂਰਜੀ ਊਰਜਾ ਤੋਂ ਬਿਜਲੀ ਪੈਦਾ ਕਰਕੇ ਚਲਾ ਰਹੇ ਹਨ। ਸੱਤ ਦੇਸ਼ (4%) ਅਜਿਹੇ ਵੀ ਹਨ ਜਿਹੜੇ ਕਿ ਨਿਉਕਲੀਅਰ ਬਿਜਲੀ ਪੈਦਾ ਕਰਕੇ ਆਪਣੇ ਕੰਮ ਚਲਾ ਰਹੇ ਹਨ। ਚੀਨ ਇੱਕ ਅਜਿਹਾ ਦੇਸ਼ ਹੈ ਜਿਹੜਾ ਕਿ ਸਭ ਤੋਂ ਵੱਧ ਹਰੀ ਊਰਜਾ (ਗਰੀਨ ਅਨਾਰਜ਼ੀ) ਦੀ ਵਰਤੋਂ ਕਰ ਰਿਹਾ ਹੈ। ਦੁਨੀਆ ਵਿੱਚ ਜਿੰਨੀ ਕੁੱਲ ਹਰੀ ਊਰਜਾ ਪੈਦਾ ਕੀਤੀ ਜਾ ਰਹੀ ਹੈ, ਉਸਦਾ ਅੱਧਾ ਹਿੱਸਾ ਸਿਰਫ ਚੀਨ ਵਿੱਚ ਪੌਣ ਅਤੇ ਸੂਰਜੀ ਊਰਜਾ ਤੋਂ ਪੈਦਾ ਕੀਤੀ ਜਾ ਰਹੀ ਹੈ ਅਤੇ ਵਰਤੀ ਜਾ ਰਹੀ ਹੈ। ਉਹ ਤਾਂ ਆਪਣੇ ਹਰ ਵੱਡੇ ਸ਼ਹਿਰ ਨੂੰ ਰਾਤ ਨੂੰ ਜਗਮਗਾਉਣ ਲਈ ਆਪਣੇ ਬਣਾਉਟੀ ਸੂਰਜ ਪੈਦਾ ਕਰਨ ਦੀ ਹੋੜ ਵਿੱਚ ਲੱਗੇ ਹੋਏ ਹਨ।



ਉਰੂਗੁਆ ਦੁਨੀਆ ਦਾ ਦੂਸਰਾ ਸਭ ਤੋਂ ਛੋਟਾ ਦੇਸ਼ ਜਿਹੜਾ ਕਿ ਦੱਖਣੀ ਅਮਰੀਕਾ ਦੇ ਦੱਖਣ-ਪੂਰਬ ਵਿੱਚ ਸਥਿਤ ਹੈ ਅਤੇ ਰਾਜਨੀਤਕ ਤੇ ਆਰਥਿਕ ਤੌਰ ‘ਤੇ ਬਰਾਜ਼ੀਲ ਅਤੇ ਅਰਜਨਟੀਨਾ ਦੇ ਪ੍ਰਭਾਵ ਹੇਠ ਰਿਹਾ ਹੈ, ਕੋਲੇ ਤੇ ਤੇਲ ਨੂੰ ਛੱਡ ਕੇ ਆਪਣੀ ਵਰਤੋਂ ਦੀ 91% ਬਿਜਲੀ ਹਾਈਡਰੋ-ਪਾਵਰ ਸੂਰਜੀ ਊਰਜਾ ਅਤੇ ਪੌਣ ਸ਼ਕਤੀ ਤੋਂ ਪੈਦਾ ਕਰ ਰਿਹਾ ਹੈ। ਉਹ ਬਿਜਲੀ ਦਾ ਕੁਝ ਹਿੱਸਾ ਕੁਦਰਤੀ ਬਾਇਓ ਫਿਊਲਜ਼ ਤੋਂ ਵੀ ਪੈਦਾ ਕਰ ਰਿਹਾ ਹੈ। ਇੰਨਾ ਛੋਟਾ ਦੇਸ਼ ਹੋਣ ਦੇ ਬਾਵਜੂਦ ਉਹ ਆਪਣੀ ਫਾਲਤੂ ਬਿਜਲੀ ਦੱਖਣੀ ਅਮਰੀਕਾ, ਅਰਜਨਟੀਨਾ ਅਤੇ ਬਰਾਜ਼ੀਲ ਨੂੰ ਵੇਚਣ ਦੀ ਤਿਆਰੀ ਵਿੱਚ ਹੈ। ਇਸੇ ਤਰ੍ਹਾਂ ਕੀਨੀਆ ਵਿੱਚ ਅਫਰੀਕਾ ਦਾ ਸਭ ਤੋਂ ਵੱਡਾ ਪੌਣ-ਸ਼ਕਤੀ ਨਾਲ ਬਿਜਲੀ ਪੈਦਾ ਕਰਨ ਵਾਲਾ ਪ੍ਰੋਜੈਕਟ ਤੁਰਕਾਨਾ ਝੀਲ ਦੇ ਨੇੜੇ ਬਣਿਆ ਹੋਇਆ ਹੈ। ਮੋਰਾਕੋ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਸੋਲਰ ਫਾਰਮ ਬਣਾਇਆ ਗਿਆ ਹੈ। ਇਹ ਸਹਾਰਾ ਮਾਰੂਥਲ ਵਿੱਚ ਕਾਇਮ ਕੀਤਾ ਗਿਆ ਹੈ ਜਿਹੜਾ ਕਿ ਬਹੁਤ ਸਾਰੇ ਸ਼ਹਿਰਾਂ ਨੂੰ ਬਿਜਲੀ ਦੇ ਰਿਹਾ ਹੈ। ਨਿਊਜ਼ੀਲੈਂਡ ਵਿੱਚ ਵੀ 84% ਬਿਜਲੀ ਤੇਲ ਅਤੇ ਕੋਲੇ ਤੋਂ ਬਗੈਰ ਹੋਰ ਸਾਧਨਾਂ ਤੋਂ ਪੈਦਾ ਕੀਤੀ ਜਾਂਦੀ ਹੈ, ਜਿਸ ਲਈ ਪੌਣ, ਪਾਣੀ ਤੇ ਸੂਰਜੀ ਸ਼ਕਤੀ ਨੂੰ ਵਰਤਿਆ ਜਾਂਦਾ ਹੈ। ਉਹਨਾਂ ਦਾ ਟੀਚਾ ਹੈ ਕਿ 2035 ਤਕ ਇੰਨੇ ਸਾਧਨ ਪੈਦਾ ਕਰ ਲਏ ਜਾਣ ਤਾਂ ਕਿ ਸੌ ਫੀਸਦੀ ਲੋੜੀਂਦੀ ਬਿਜਲੀ ਸ਼ਕਤੀ ਇਸੇ ਤਰ੍ਹਾਂ ਪੈਦਾ ਕੀਤੀ ਜਾ ਸਕੇ। ਨੌਰਵੇ ਵੀ 2016 ਤੋਂ ਉਹਨਾਂ ਦੀ ਵਰਤੋਂ ਦੀ 98% ਬਿਜਲੀ ਹਾਈਡਰੋ ਪਾਵਰ ਤੋਂ ਪੈਦਾ ਕਰ ਰਿਹਾ ਹੈ। ਉਹਨਾਂ ਨੇ ਆਪਣੇ ਦਰਿਆਵਾਂ ਅਤੇ ਝਰਨਿਆਂ ਦੇ ਪਾਣੀ ਦੀ ਬਹੁਤ ਹੀ ਸੁਚੱਜੀ ਵਰਤੋਂ ਕੀਤੀ ਹੈ। ਅਸਟਰੇਲੀਆ ਵੀ ਇਨ੍ਹਾਂ ਤਕਨੀਕਾ ਵਿੱਚ ਮੋਹਰੀ ਰੋਲ ਨਿਭਾ ਰਿਹਾ ਹੈ। ਜਰਮਨ ਦੇ ਇੱਕ ਫੈਦਮ ਨਾਮ ਦੇ ਕਸਬੇ ਵਿੱਚ 150 ਟੱਬਰਾਂ ਨੇ ਸਹਿਕਾਰੀ ਰੂਪ ਵਿੱਚ ਪੌਣ ਬਿਜਲੀ ਟਰਬਾਇਨਾਂ ਲਗਾ ਕੇ ਆਪਣੇ ਇਲਾਕੇ ਦੇ ਸਾਰੇ ਕੰਮ ਚਲਾ ਲਏ। ਸਾਡੇ ਦੇਸ਼ ਵਿੱਚ ਕਈ ਵੱਡੀਆਂ ਨਿੱਜੀ ਕੰਪਨੀਆਂ ਇਸ ਖੇਤਰ ਵਿੱਚ ਕੰਮ ਕਰ ਰਹੀਆਂ ਹਨ। ਗੌਤਮ ਅਡਾਨੀ ਨੇ 2015 ਵਿੱਚ ਸੂਰਜੀ ਸ਼ਕਤੀ ਤੇ ਪੌਣ ਸ਼ਕਤੀ ਅਧਾਰਤ ਅਡਾਨੀ ਗਰੀਨ ਅਨਰਜ਼ੀ ਲਿਮਟਿਡ ਨਾਮ ਦੀ ਆਪਣੀ ਕੰਪਨੀ ਅਹਿਮਦਾਬਾਦ (ਗੁਜਰਾਤ) ਵਿਖੇ ਸ਼ੁਰੂ ਕੀਤੀ, ਜਿਹੜੀ ਕਿ ਸਾਡੇ ਦੇਸ਼ ਦੀ ਸਭ ਤੋਂ ਵੱਡੀ ਕੰਪਨੀ ਹੈ। ਇਸ ਸਮੇਂ ਇਹ ਕੰਪਨੀ ਦੇ 11 ਸੂਬਿਆਂ ਵਿੱਚ ਸ਼ਕਤੀ ਪ੍ਰੋਜੈਕਟ ਚੱਲ ਰਹੇ ਹਨ। ਇਹਨਾਂ ਕੰਪਨੀਆਂ ਵਿੱਚ ਸੂਰਜੀ ਕਣ (ਸੋਲਰ ਸੈੱਲ) ਨੂੰ ਸਿੱਧੇ ਤੌਰ ‘ਤੇ ਹੀ ਬਿਜਲੀ ਵਿੱਚ ਬਦਲਿਆ ਜਾਂਦਾ ਹੈ, ਜਿਸ ਨੂੰ ਫੋਟੋਵੋਲਟਿਕ ਪ੍ਰਨਾਲੀ ਕਿਹਾ ਜਾਂਦਾ ਹੈ। ਇਹ ਬਿਜਲੀ ਵੱਡੇ ਪੱਧਰ ‘ਤੇ ਵਰਤੀ ਜਾਂਦੀ ਹੈ। ਉਹਨਾਂ ਦਾ ਟੀਚਾ ਹੈ ਕਿ ਕੁਝ ਸਾਲਾਂ ਵਿੱਚ ਇਸ ਨੂੰ ਸਾਰੇ ਦੇਸ਼ ਵਿੱਚ ਫੈਲਾ ਦਿੱਤਾ ਜਾਵੇਗਾ। ਸਾਰੀਆਂ ਗੱਡੀਆਂ, ਮੋਟਰਾਂ ਇਸੇ ਊਰਜਾ ਨਾਲ ਚਲਾਉਣ ਦੀਆਂ ਕੋਸ਼ਿਸ਼ਾਂ ਯਾਰੀ ਹਨ। ਬਾਹਰਲੇ ਕਈ ਦੇਸ਼ਾਂ ਵਿੱਚ ਵੀ ਇਸ ਪ੍ਰੋਜੈਕਟ ਨੂੰ ਫੈਲਾਉਣ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ। ਹਿਮਾਂਸ਼ੂ ਮੋਦੀ ਦੀ ਕੰਪਨੀ ਸੱਜ਼ਲਨ ਇਨਰਜ਼ੀ ਜਿਸਦਾ ਮੁੱਖ ਦਫਤਰ ਪੂਨੇ ਵਿਖੇ ਹੈ, ਬਿਜਲੀ ਪੈਦਾ ਕਰਨ ਵਾਲੀਆਂ ਪੌਣ-ਟਰਬਾਈਨਾਂ ਬਣਾਉਂਦੀ ਹੈ। ਇਹ ਪੌਣ ਤੋਂ ਬਿਜਲੀ ਪੈਦਾ ਕਰਨ ਵਾਲੇ ਸਾਰੇ ਉਪਕਰਨ ਤਿਆਰ ਕਰਕੇ ਕੌਮਾਂਤਰੀ ਪੱਧਰ ‘ਤੇ ਅਠਾਰਾਂ ਤੋਂ ਵੱਧ ਦੇਸ਼ਾਂ ਨੂੰ ਸਪਲਾਈ ਕਰ ਰਹੇ ਹਨ। ਇਹ ਕਈ ਭਾਰਤੀ ਸੂਬਿਆਂ ਨੂੰ ਵੀ ਭੇਜਣ ਦਾ ਇਰਾਦਾ ਰੱਖਦੇ ਹਨ।

ਇਸੇ ਤਰ੍ਹਾਂ ਟਾਟਾ ਗਰੁੱਪ ਵੀ ਪਿੱਛੇ ਨਹੀਂ ਰਿਹਾ। ਉਹ ਵੀ ਸੂਰਜੀ ਰੋਸ਼ਨੀ ਨੂੰ ਬਿਜਲੀ ਵਿੱਚ ਬਦਲਕੇ ਉਦਯੋਗਾਂ ਲਈ ਵਰਤ ਰਿਹਾ ਹੈ। ਉਹਨਾਂ ਦੀ ਕੰਪਨੀ ਵੀ 4975 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਸਮਰੱਥਾ ਰੱਖਦੀ ਹੈ। ਰਿਲਾਇੰਸ ਗਰੁੱਪ ਵੀ ਆਪਣੀ ‘ਸਟੱਲਿੰਗ ਐਂਡ ਵਿਲਸਨ ਰੀਨਿਊਵਲ ਅਨਰਜ਼ੀ ਨਾਮ ਦੀ ਕੰਪਨੀ ਰਾਹੀਂ ਇਸ ਖੇਤਰ ਵਿੱਚ ਕੰਮ ਕਰ ਰਹੇ ਹਨ। ਇਸ ਵਿੱਚ ਉਹ ਸੋਲਰ ਸ਼ਕਤੀ ਤੋਂ ਬਿਜਲੀ ਬਣਾਉਣ ਦੇ ਪ੍ਰੋਜੈਕਟ ਡਿਜ਼ਾਇਨ ਕਰਦੇ ਹਨ। ਉਹਨਾਂ ਦੇ ਇਹ ਪ੍ਰੋਜੈਕਟ ਆਂਧਰਾ ਪ੍ਰਦੇਸ਼, ਵੀਅਤਨਾਮ ਤੇ ਚਿਲੀ ਆਦਿ ਵਿਖੇ ਚੱਲ ਰਹੇ ਹਨ। ਹੀਰੋ ਗਰੁੱਪ ਨੇ ਵੀ ਹੀਰੋ ਫਿਊਚਰ ਇਨਰਜ਼ੀ ਕੰਪਨੀ ਰਾਹੀਂ ਪੌਣ ਸ਼ਕਤੀ ਨੂੰ ਸਟੋਰ ਕਰਨ ਅਤੇ ਹਰੀ ਹਾਈਡਰੋ ਪਾਵਰ ਦਾ ਕੰਮ ਭਾਰਤ, ਵੀਤਨਾਮ, ਯੂਕਰੇਨ, ਯੂ.ਕੇ., ਬੰਗਲਾ ਦੇਸ਼ ਆਦਿ ਦੇਸ਼ਾਂ ਵਿੱਚ ਸ਼ੁਰੂ ਕਰ ਰੱਖਿਆ ਹੈ। ਗੁਜਰਾਤ ਦੀ ਇੱਕ ਕੰਪਨੀ ਕੇ.ਪੀ.ਆਈ ਗਰੀਨ ਅਨਰਜ਼ੀ ਵੀ ਪੌਣ ਸ਼ਕਤੀ ‘ਤੇ ਕੰਮ ਕਰ ਰਹੀ ਹੈ। ਇਹਨਾਂ ਤੋਂ ਇਲਾਵਾ ਕਾਰਪੋਰੇਟ ਸੈਕਟਰ ਦੀਆਂ ਹੋਰ ਵੀ ਕੰਪਨੀਆਂ ਭਵਿੱਖ ਦੀ ਹਰੀ ਊਰਜਾ ਸ਼ਕਤੀ ਦੀ ਕਮਾਈ ਵਲ ਧਿਆਨ ਧਰ ਕੇ ਇਸ ਖੇਤਰ ਵਿੱਚ ਗੰਭੀਰਤਾ ਨਾਲ ਕੰਮ ਕਰ ਰਹੀਆਂ ਹਨ। ਵਿਕਸਿਤ ਦੇਸ਼ਾਂ ਵਿੱਚ ਯਾਤਰਾ ਕਰਦੇ ਸਮੇਂ ਵੇਖਿਆ ਜਾ ਸਕਦਾ ਹੈ ਕਿ ਜਰਨੈਲੀ ਸੜਕਾਂ ਦੇ ਨਾਲ ਜਾਂ ਖੁੱਲ੍ਹੀਆਂ ਥਾਵਾਂ ‘ਤੇ ਪੌਣ ਟਰਬਾਈਨਾਂ ਚੱਲ ਰਹੀਆਂ ਹੁੰਦੀਆਂ ਹਨ ਤੇ ਨਾਲ ਹੀ ਬਿਜਲੀ ਪੈਦਾ ਕਰਕੇ ਸਪਲਾਈ ਕਰ ਰਹੀਆਂ ਹੁੰਦੀਆਂ ਹਨ। ਯੂਰਪੀ ਤੇ ਅਰਬ ਦੇਸ਼ਾਂ ਵਿੱਚ ਮਾਰੂਥਲਾਂ ਵਿੱਚ ਵੀ ਇਹਨਾਂ ਰਾਹੀਂ ਬਿਜਲੀ ਪੈਦਾ ਕੀਤੀ ਜਾਂਦੀ ਹੈ। ਦੁਬਈ ਦੇ ਮਾਰੂਥਲ ਦੇ ਟਿੱਬਿਆ ਉੱਤੇ ਥਾਂ ਥਾਂ ‘ਤੇ ਚੱਲ ਰਹੀਆਂ ਪੌਣ ਟਰਬਾਈਨਾਂ ਵੇਖੀਆਂ ਜਾ ਸਕਦੀਆਂ ਹਨ। ਸਾਡੇ ਦੇਸ਼ ਵਿੱਚ ਵੀ ਪੁਰਾਣੇ ਸਮਿਆਂ ਤੋਂ ਪਣ-ਚੱਕੀਆਂ ਤੇ ਪੌਣ-ਚੱਕੀਆਂ ਚੱਲਦੀਆਂ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪੌਣ ਸ਼ਕਤੀ ਅਤੇ ਸੂਰਜੀ ਸ਼ਕਤੀ ਨੇੜ ਭਵਿੱਖ ਵਿੱਚ ਖਤਮ ਨਹੀਂ ਹੋ ਸਕਦੀਆਂ ਪਰ ਇਹ ਕੁਦਰਤੀ ਵਰਤਾਰੇ ਹਨ। ਕਦੇ ਪੌਣ ਤੇਜ਼ ਚਲਦੀ ਹੈ ਅਤੇ ਕਦੇ ਨਹੀਂ ਚਲਦੀ। ਇਸੇ ਤਰ੍ਹਾਂ ਸੂਰਜ ਵੀ ਕਦੇ ਆਪਣੇ ਜਲੌ ਵਿੱਚ ਹੁੰਦਾ ਹੈ ਤੇ ਕਦੇ ਬਦਲਾਂ ਪਿੱਛੇ ਲੁਕ ਜਾਂਦਾ ਹੈ। ਮਨੁੱਖ ਨੂੰ ਇਹਨਾਂ ਦੀਆਂ ਸ਼ਕਤੀਆਂ ਨੂੰ ਸਟੋਰ ਕਰਨ ਦੀ ਲੋੜ ਪਵੇਗੀ। ਇਸੇ ਤਰ੍ਹਾਂ ਪਾਣੀ ਦੇ ਸੋਮਿਆਂ ਨੂੰ ਵੀ ਆਪਣੀ ਵਰਤੋਂ ਲਈ ਅਨੁਕੂਲ ਕਰਨ ਲਈ ਯਤਨ ਕਰਨੇ ਪੈਣਗੇ। ਇਹਨਾਂ ਤਿੰਨਾਂ ਹੀ ਵਸੀਲਿਆਂ ਤੋਂ ਪੈਦਾ ਹੋਣ ਵਾਲੀ ਸ਼ਕਤੀ ਵਾਤਾਵਰਣ ਪ੍ਰਦੂਸ਼ਿਤ ਨਹੀਂ ਕਰਦੀ। ਮਨੁੱਖੀ ਸਿਹਤ ‘ਤੇ ਵੀ ਫੌਸਿਲ ਸ਼ਕਤੀਆਂ ਦੇ ਪ੍ਰਦੂਸ਼ਣ ਤੋਂ ਬਹੁਤ ਘੱਟ ਮਾਰੂ ਅਸਰ ਕਰਦੀਆਂ ਹਨ। ਸਾਡੇ ਦੇਸ਼ ਵਿੱਚ ਇਹਨਾਂ ਸ਼ਕਤੀਆਂ ‘ਤੇ ਵੀ ਕਾਰਪੋਰੇਟ ਸੈਕਟਰ ਦਾ ਗਲਬਾ ਵਧ ਰਿਹਾ ਹੈ ਕਿਉਂਕਿ ਇਹਨਾਂ ਪ੍ਰੋਜੈਕਟਾਂ ਵਿੱਚ ਪੈਸਾ ਬਹੁਤਾ ਲਗਦਾ ਹੈ। ਇਸ ਖੇਤਰ ਨੂੰ ਹੁਣ ਤੋਂ ਹੀ ਸਰਕਾਰਾਂ ਨੂੰ ਆਪਣੇ ਹੱਥਾਂ ਵਿੱਚ ਲੈਣ ਦੀ ਲੋੜ ਹੈ। ਜੇਕਰ ਸਰਕਾਰਾਂ ਨੇ ਨਾ ਸੋਚਿਆ ਤਾਂ ਭਵਿੱਖ ਵਿੱਚ ਵੀ ਆਮ ਲੋਕ ਕਾਰਪੋਰੇਟ ਸੈਕਟਰ ਦੇ ਕੋਲੋਂ ਲੁੱਟ ਹੁੰਦੇ ਰਹਿਣਗੇ। ਇਸ ਖੇਤਰ ਵਿੱਚ ਸਰਕਾਰਾਂ ਬੇਰੁਜ਼ਗਾਰਾਂ ਲਈ ਰੁਜ਼ਗਾਰ ਵੀ ਪੈਦਾ ਕਰ ਸਕਦੀਆਂ ਹਨ। ਪੰਜਾਬ ਵਿੱਚ ਥਰਮਲ ਪਲਾਟਾਂ ਵਿੱਚ ਹਮੇਸ਼ਾ ਕੋਲਾ ਮੁੱਕਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਮਹਿੰਗੇ ਕੋਲੇ ਤੋਂ ਪੈਦਾ ਕੀਤੀ ਬਿਜਲੀ ਦਾ ਬਹੁਤਾ ਹਿੱਸਾ ਸਬਸਿਡੀ ਅਤੇ ਜ਼ੀਰੋ ਬਿੱਲਾਂ ਵਿੱਚ ਚਲੇ ਜਾਂਦਾ ਹੈ। ਸੋ ਪੰਜਾਬ ਸਰਕਾਰ ਨੂੰ ਵੀ ਪੌਣ ਸ਼ਕਤੀ, ਪਾਣੀ ਅਤੇ ਸੂਰਜੀ ਸ਼ਕਤੀ ਤੋਂ ਲਾਭ ਲੈਣ ਬਾਰੇ ਸੋਚਣਾ ਚਾਹੀਦਾ ਹੈ। ਪੰਜਾਬ ਕੋਲ ਇਹਨਾਂ ਸ਼ਕਤੀਆਂ ਦੇ ਵਿਸ਼ਾਲ ਵਸੀਲੇ ਹਨ ਜਿਹੜੇ ਕਿ ਭੰਗ ਦੇ ਭਾੜੇ ਜਾ ਰਹੇ ਹਨ। ਹਰੀ ਕਰਾਂਤੀ ਨੇ ਜਿਹੜਾ ਦਰਦ ਸਾਨੂੰ ਸਾਡੀ ਪੌਣ-ਪਾਣੀ ਅਤੇ ਧਰਤੀ ਦੂਸ਼ਿਤ ਕਰਕੇ ਦਿੱਤਾ ਹੈ - ਹਰੀ ਊਰਜਾ ਕਰਾਂਤੀ ਉਸ ਨੂੰ ਕੁਝ ਘੱਟ ਕਰ ਸਕਦੀ ਹੈ।

# ਜਥੇਦਾਰ ਜੀ ਏਕਤਾ ਦੋ ਧੜਿਆਂ 'ਚ ਨਹੀਂ ਸਮੁੱਚੇ ਪੰਥ ਚ ਏਕਤਾ ਦੀ ਜ਼ਰੂਰਤ

ਲੇਖਕ : ਤੇਜਵੰਤ ਸਿੰਘ ਭੰਡਾਲ
ਸੰਪਰਕ : 98152 67963



ਜੂਨ 1984 ਚ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਅਤੇ ਨਵੰਬਰ 1984 ਚ ਸਿੱਖ ਨਸਲਕੁਸ਼ੀ ਕਰਵਾਈ ਗਈ। 1985 ਚ ਅਕਾਲੀ ਸਰਕਾਰ ਬਣੀ ਤੇ ਮੁੱਖ ਮੰਤਰੀ ਬਰਨਾਲਾ ਬਣੇ ਇਹ ਪਰਕਾਸ਼ ਬਾਦਲ ਦੀ ਬਰਦਾਸ਼ਤ ਤੋਂ ਬਾਹਰ ਹੋ ਗਿਆ ਸਾਥ ਦੇਣ ਦੀ ਬਜਾਏ ਆਪਣੇ ਐਮ ਐਲ ਏਜ ਲੈ ਕੇ ਸਰਕਾਰ ਤੋਂ ਬਾਹਰ ਹੋ ਗਿਆ,ਬਲੈਕ ਥੰਡਰ ਹੋਇਆ, ਚੰਡੀਗੜ੍ਹ ਪੰਜਾਬ ਨੂੰ ਦੇਣ ਸਬੰਧੀ ਸਮਾਗਮ ਰੱਖ ਕੇ ਇਕ ਰਾਤ ਪਹਿਲਾਂ ਦੇਰ ਰਾਤ ਰੱਦ ਕਰ ਦਿੱਤਾ ਗਿਆ ਹੁਣ ਇਥੇ ਬਰਨਾਲਾ ਨੂੰ ਜੁਰੱਅਤ ਵਿਖਾਉਣੀ ਚਾਹੀਦੀ ਸੀ ਪਰ ਨਹੀਂ ਵਿਖਾਈ ਗਈ ਸਗੋਂ ਕੁਰਸੀ ਨਾਲ ਚਿੰਬੜੇ ਰਹੇ।ਪਰ ਪੰਜਾਬ ਚ ਵਸਦੇ ਸਿੱਖੋ ਸਿਰਦਾਰੋ ਆਪਾਂ ਜਦ ਵੀ ਆਪਸੀ ਫੁੱਟ ਦੇ ਸ਼ਿਕਾਰ ਹੁੰਦੇ ਹਾਂ ਦਿੱਲੀ ਦਰਬਾਰ ਆਪਣਾ ਨਿਸ਼ਾਨਾ ਲਾ ਹੀ ਜਾਂਦਾ ਹੈ। ਇਸ ਤੋਂ ਬਾਅਦ 1996/97 ਚ ਅਕਾਲੀ ਦਲ ਦੀ ਸਰਕਾਰ ਬਣੀ ਤੇ ਮੁੱਖ ਮੰਤਰੀ ਪਰਕਾਸ਼ ਬਾਦਲ ਬਣੇ ਪਰ ਅਸੀਂ ਸਮੇਂ ਸਿਰ ਆਪਣੇ ਆਗੂ ਦੀ ਪਛਾਣ ਕਰਨ ਚ ਸਦਾ ਹੀ ਅਸਫਲ ਸਾਬਤ ਹੋਏ ਹਾਂ। ਇਹੀ ਪਰਕਾਸ਼ ਬਾਦਲ ਨੇ 1995 ਚ ਅਕਾਲੀ ਦਲ ਦੀ 75ਵੀਂ ਵਰੇ ਗੰਢ ਤੇ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਆਖਿਆ ਸੀ ਅਸੀਂ ਨਹੀ ਅੰਦਾਜਾ ਵੀ ਨਹੀਂ ਲਾ ਸਕੇ। 1996/97 ਚ ਸਰਕਾਰ ਬਣਾ ਕੇ ਜੋ ਕੁਝ ਬਾਦਲਕਿਆਂ ਨੇ ਕਰਿਆ ਉਹ ਆਪਣੇ ਸਭ ਦੇ ਸਾਹਮਣੇ ਹੈ , ਆਪਾਂ ਬਹੁਤ ਵਾਰ ਵਿਸਥਾਰ ਸਹਿਤ ਵਿਚਾਰ ਕਰ ਚੁੱਕੇ ਹਾਂ।ਸਾਡੀ ਆਮ ਸਿੱਖਾਂ ਦੀ ਇਹੀ ਗਲਤੀ ਹੈ ਕਿ ਅਸੀਂ ਬਾਦਲਕਿਆਂ ਤੇ ਕੈਪਟਨਕਿਆਂ ਦਾ ਪਿਛੋਕੜ ਵਿਚਾਰ ਕੇ ਲੀਡਰ ਪਰਵਾਨ ਨਹੀਂ ਕਰਿਆ ਇਥੇ ਵਿਚਾਰ ਵਟਾਂਦਰਾ ਕਰਨਾ ਬਹੁਤ ਜਰੂਰੀ ਸੀ।ਸਾਡੀ ਸਮੇਤ ਦਾਸ ਬਹੁਗਿਣਤੀ ਦੀ ਇਹ ਆਦਤ ਹੈ ਕਿ ਅਸੀਂ ਆਪਸ ਚ ਬੈਠਦੇ ਹਾਂ ਇਕ ਦੂਸਰੇ ਨੂੰ ਨੀਵਾਂ ਵਿਖਾਉਣ ਵਾਲੀਆਂ ਚੁਗਲੀਆਂ ਦੱਬ ਕੇ ਕਰਦੇ ਹਾਂ ਪਰ ਆਪਣੀ ਕੌਮ, ਧਰਮ ਤੇ ਮਾਂ ਬੋਲੀ ਪੰਜਾਬੀ ਅਤੇ ਪੰਜਾਬ ਬਾਰੇ ਵਿਚਾਰਾਂ ਨਹੀਂ ਕਰਦੇ ਹਾਂ।ਜੇਕਰ ਕੋਈ ਇਸ ਤਰ੍ਹਾਂ ਵਿਚਾਰਾਂ ਕਰਦਾ ਤਾ ਅਸੀਂ ਉਸ ਦਾ ਮਜਾਕ ਤਾਂ ਬਣਾ ਦਿੰਦੇ ਹਾਂ , ਗੰਭੀਰ ਹੋ ਕੇ ਵਿਚਾਰਦੇ ਨਹੀਂ ਹਾਂ।ਅਜੇ

ਬਹੁਤਾ ਸਮਾਂ ਨਹੀ ਹੋਇਆ ਇਸੇ ਤਰ੍ਹਾਂ ਦੀਪ ਸਿੱਧੂ ਜੀ ਨਾਲ ਕਰਿਆ ਹੈ ਸੋਚੋ ਉਚ ਕੋਟੀ ਦਾ ਵਕੀਲ, ਕਾਮਯਾਬ ਕਲਾਕਾਰ ਚੰਗੀ ਧੰਨ ਦੌਲਤ ਕਮਾਉਣ ਵਾਲਾ ਕਾਰੋਬਾਰ ਛੱਡ ਕੇ ਉਹ ਆਪਣੀ ਧਰਤੀ ਆਪਣੀ ਕੌਮ ਤੇ ਆਪਣੇ ਲੋਕਾਂ ਖਾਤਰ ਤੁਰਿਆ ਦੱਸੋ ਉਹਦੇ ਨਾਲ ਕੀ ਨਹੀਂ ਵਾਪਰਿਆ ? ਕੀ ਦੀਪ ਸਿੱਧੂ ਦੀ ਮੌਤ ਦਾ ਕਾਰਨ ਐਕਸੀਡੈਂਟ ਸੀ ? ਨਹੀਂ ! ਜਦ ਅਸੀਂ ਵਾਰ ਵਾਰ ਅਜਿਹਾ ਕਰਦੇ ਹਾਂ ਤਾ ਜਿਹੜੇ ਦਰਦਮੰਦ ਕੌਮ ਲਈ ਸੂਬੇ ਲਈ ਹਕੂਮਤ ਅੱਗੇ ਹਿੱਕ ਡਾਹ ਕੇ ਲੜਨ ਦਾ ਇਰਾਦਾ ਰੱਖਦੇ ਹਨ ਉਹ ਕੀ ਸੋਚਦੇ ਹੋਣਗੇ ? ਜੋ ਹਾਲਾਤ ਸਾਡੀ ਕੌਮ ਤੇ ਸਾਡੇ ਘਰ ਪੰਜਾਬ ਦੇ ਬਣੇ ਹੋਏ ਹਨ ਉਹਦੇ ਲਈ ਆਪਾਂ ਵੀ ਕਸੂਰਵਾਰ ਹਾਂ ਕਿਉਂਕਿ 1984 ਤੋਂ ਬਾਅਦ ਸਮੁੱਚੀ ਸਿੱਖ ਕੌਮ ਨੂੰ ਇਕ ਨਿਸ਼ਾਨ ਸਾਹਿਬ ਥੱਲੇ ਸਿਰ ਜੋੜ ਕੇ ਬੈਠਣਾ ਤੇ ਵਿਚਾਰਨਾ ਬਣਦਾ ਸੀ ਜੋ ਨਹੀਂ ਹੋਇਆ।ਪੰਜਾਬ ਚ ਵਸਦੇ ਸਿੱਖੋ ਸਿਰਦਾਰੋ ਸੂਝਵਾਨ ਪੰਜਾਬੀਓ ਇਹ ਪੱਕੇ ਤੌਰ ਤੇ ਮਨ ਚ ਵਸਾ ਲਓ ਕਿ ਆਹ ਰਾਜਭਾਗ ਮਾਨਣ ਵਾਲੇ ਲਾਲਚੀ ਕੁਰਸੀਵਾਦੀ ਸਿੱਖ ਲੀਡਰਾਂ ਨੇ ਕੁਝ ਵੀ ਨਹੀਂ ਕਰਨਾ ਪੰਜਾਬ ਤੇ ਕੌਮ ਦੇ ਹਿੱਤਾਂ ਲਈ ਜਦ ਵੀ ਕੋਈ ਡਟ ਕੇ ਖੜੇਗਾ ਤਾਂ ਉਹ ਪੂਰਨ ਗੁਰਸਿੱਖ ਖਾਲਸਾ ਹੀ ਖੜੇਗਾ। ਸੋਚੋ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ ਜੋ ਕਿਹਾ ਉਹ ਸਿਰ ਨਾਲ ਨਿਭਾ ਗਏ।ਪੰਜ ਜੂਨ ਨੂੰ ਜਦ ਗੋਲਾਬਾਰੀ ਸਿਖਰਾਂ ਤੇ ਸੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਚ ਦਫਤਰ ਤੋਂ ਚੱਲ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਸੰਤ ਜਰਨੈਲ ਸਿੰਘ ਜੀ ਕੋਲ ਗਏ ਸੰਤਾਂ ਨੂੰ ਕਿਹਾ ਕਿ ਫੌਜਾਂ ਨੇ ਜਬਰਦਸਤ ਘੇਰਾਬੰਦੀ ਕਰ ਰੱਖੀ ਹੈ ਤੇ ਨੁਕਸਾਨ ਵੀ ਬਹੁਤ ਕਰਿਆ ਹੈ ਤੁਸੀਂ ਸਿਲੰਡਰ ਕਰ ਦਿਓ ਪਰ ਸੰਤਾਂ ਨੇ ਕਿਹਾ ਜਥੇਦਾਰ ਜੀ ਮੈਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਖਲੋ ਕੇ ਗਲ ਚ ਪੱਲੂ ਪਾ ਕੇ ਅਰਦਾਸ ਕਰ ਚੁੱਕਿਆ ਹਾਂ ਹੁਣ ਪਿੱਛੇ ਨਹੀਂ ਮੁੜਾਂਗਾ ਤੇ ਟੌਹੜਾ ਚਲੇ ਗਏ ਇਥੇ ਸ੍ਰੀ ਏ ਆਰ ਦਰਸ਼ੀ ਆਪਣੀ ਕਿਤਾਬ ਜਾਂਬਾਜ਼ ਰਾਖਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਚ ਲਿਖਦੇ ਹਨ ਕਿ ਜਦ ਟੌਹੜਾ ਦਫਤਰ ਤੋਂ ਚੱਲ ਕੇ ਸ੍ਰੀ ਅਕਾਲ ਤਖਤ ਸਾਹਿਬ ਪਹੁੰਚੇ ਤਾਂ ਗੋਲਾਬਾਰੀ ਬੰਦ ਰਹੀ ਜਦ ਵਾਪਸ ਦਫਤਰ ਪਹੁੰਚ ਗਏ ਤਾਂ ਗੋਲਾਬਾਰੀ ਫਿਰ ਸ਼ੁਰੂ ਹੋ ਗਈ।ਕੁਝ ਉਸ ਸਮੇਂ ਦੇ ਗਵਾਹ ਫੌਜੀ ਅਫਸਰ ਹੁਣ ਸ਼ੋਸ਼ਲ ਮੀਡੀਏ ਤੇ ਦੱਸਦੇ ਹਨ ਕਿ ਜਦ ਜਰਨਲ ਬਰਾੜ ਨੇ ਇਕ ਕਰਨਲ ਸ਼ਰਮਾ ਨੂੰ ਭੇਜਿਆ ਕਿ ਅੰਦਰੋਂ ਟੌਹੜਾ, ਲੌਂਗੋਵਾਲ, ਰਾਮੂਵਾਲੀਆ ਤੇ ਅਭਿਨਾਸ਼ੀ ਸਿੰਘ ਨੂੰ ਸੁਰੱਖਿਅਤ ਬਾਹਰ ਲਿਆਓ ਤਾਂ ਕਰਨਲ ਸ਼ਰਮਾ ਦੱਸਦੇ ਹਨ ਕਿ ਰਾਮੂਵਾਲੀਆ, ਲੌਂਗੋਵਾਲ ਤੇ ਟੌਹੜਾ ਤਿੰਨਾਂ ਨੇ ਮੈਨੂੰ ਮਿਲਦੀ ਸਾਰ ਇਹੀ ਪੁੱਛਿਆ ਕਿ ਉਹ ਮਾਰਤਾ ਭਾਵ ਸੰਤਾਂ ਬਾਰੇ ਪੁੱਛ ਰਹੇ ਸਨ ਪਰ ਕਰਨਲ ਸ਼ਰਮਾ ਆਖਦੇ ਹਨ ਕਿ ਮੈਨੂੰ ਖੁਦ ਨੂੰ ਮਹਿਸੂਸ ਹੋਇਆ ਕਿ ਕੀ ਇਹ ਸਿੱਖ ਲੀਡਰ ਹਨ , ਬੇਗੁਨਾਹ ਸ਼ਰਧਾਲੂਆਂ ਦੀਆਂ ਲਾਸ਼ਾਂ ਉਪਰੋਂ ਦੀ ਲੰਘ ਕੇ ਜਾ ਰਹੇ ਹਨ ਆਪਣੇ ਗੁਰੂ ਨੂੰ ਪਿੱਠ ਵਿਖਾ ਕੇ।ਸੋਚੋ ਜਿਹੜੇ ਅਜਿਹੇ ਸਮੇਂ ਤੇ ਇਹੋ ਜਿਹੀ ਸੋਚ ਰੱਖਦੇ ਸਨ ਉਹਨਾਂ ਦੇ ਅੰਦਰ ਕੌਮ ਧਰਮ ਲਈ ਕੀ ਦਰਦ ਹੋਵੇਗਾ ?ਫਿਰ 1984 ਤੋਂ ਬਾਅਦ ਅਸੀਂ ਸੰਤਾਂ ਦੇ ਬਚਨ ਭੁਲਾ ਕੇ ਕਿ ਮੈਂ ਜਮੀਰ ਦੇ ਮਰਨ ਨੂੰ ਮੌਤ ਗਿਣਦਾ ਹਾਂ ਸਰੀਰ ਦੇ ਮਰਨ ਨੂੰ ਮੌਤ ਨਹੀਂ ਗਿਣਦਾ ਹਾਂ। ਇਹਨਾਂ ਲੀਡਰਾਂ ਨੂੰ ਲੀਡਰ ਚੁਣ ਕੇ ਵਾਰ ਵਾਰ ਰਾਜਭਾਗ ਸੌਂਪਦੇ ਰਹੇ।ਨਤੀਜਾ ਜੋ ਆਇਆ ਸਾਹਮਣੇ ਹੈ।

2017 ਤੋਂ 2024 ਤੱਕ 7 ਸਾਲ ਚ ਛੇ ਵਾਰ ਲਗਾਤਾਰ ਪਾਰਟੀ ਹਾਰਦੀ ਹਾਰਦੀ ਜਮਾਨਤ ਜਬਤ ਤੱਕ ਆ ਗਈ ਹੈ ਪਰ ਪਰਧਾਨ ਪਾਰਟੀ ਦਾ ਪ੍ਰਧਾਨਗੀ ਛੱਡਣ ਲਈ ਤਿਆਰ ਨਹੀਂ ਹੈ।ਹੁਣ ਇਹਨਾਂ ਲੀਡਰਾਂ ਦਾ ਹਾਲ ਵੇਖੋ ਹਾਰਨ ਉਪਰੰਤ ਮਿਲ ਬੈਠ ਕੇ ਫੈਸਲਾ ਕਰਦੇ ਪਰਧਾਨ ਤਿਆਗ ਵਿਖਾਉਂਦਾ ਪਰ ਹੁਣ ਦੋ ਧੜੇ ਬਣ ਗਏ ਹਨ।ਚੰਗੀ ਤਰ੍ਹਾਂ ਆਪਸ ਚ ਇਕ ਦੂਸਰੇ ਦੀ ਮਿੱਟੀ ਪੱਟ ਰਹੇ ਹਨ। ਜੋ ਸੁਰਖੀ ਅੱਜ ਪੜੀ 6 ਜੁਲਾਈ 2024 ਦੇ ਅਖਬਾਰ ਚ ਕਿ ਅੰਦਰਖਾਤੇ ਅਕਾਲੀ ਧੜਿਆਂ ਚ ਸੁਲਾਹ ਸਫਾਈ ਦੀਆਂ ਕੋਸ਼ਿਸ਼ਾਂ ਸ਼ੁਰੂ।ਅਕਾਲ ਤਖਤ ਦੇ ਜਥੇਦਾਰ ਦੋਹਾਂ ਧੜਿਆਂ ਨੂੰ ਤਲਬ ਕਰਕੇ ਕਿਸੇ ਫਾਰਮੂਲੇ ਤਹਿਤ ਏਕਤਾ ਦਾ ਦੇ ਸਕਦੇ ਹਨ ਹੁਕਮ। ਇਸ ਤੋਂ ਹੁਣ ਇਹੀ ਜਾਹਿਰ ਹੁੰਦਾ ਕਿ ਇਹ ਕੁਝ ਸਮਾਂ ਇਕ ਦੂਸਰੇ ਤੇ ਇਲਜਾਮਬਾਜੀ ਕਰਦੇ ਰਹਿਣਗੇ ਫਿਰ 2027 ਦਾ ਟੀਚਾ ਰੱਖ ਕੇ ਏਕਤਾ ਏਕਤਾ ਦਾ ਰੌਲਾ ਵਧਾ ਲੈਣਗੇ ਤੇ ਪਾਲਤੂ ਚਾਪਲੂਸ ਹੋਰ ਉਚੀ ਆਵਾਜ ਚ ਏਕਤਾ ਏਕਤਾ ਕਰਨ ਲੱਗ ਜਾਣਗੇ। ਪਰ ਯਾਦ ਰੱਖਿਓ ਤੁਸੀਂ ਲੀਡਰੋ ਜੋ ਕੁਝ ਬੋਲਿਆ ਹੈ ਤੇ ਅਗਾਂਹ ਜੋ ਬੋਲੋਗੇ ਹਰੇਕ ਦੀ ਜੇਬ ਚ 24 ਘੰਟੇ ਹਾਜਰ ਰਹੇਗਾ ਜਦ ਜਨਤਾ ਨੂੰ ਮੂਰਖ ਬਣਾ ਕੇ ਅਖੌਤੀ ਏਕਤਾ ਵਲ ਤੁਰੇ ਉਸੇ ਵਕਤ ਹਰ ਕੋਈ ਸੁਣੇਗਾ ਤੇ ਨਤੀਜਾ ਇਹੀ ਰਹੇਗਾ।ਦਸ ਸਾਲ ਰਾਜਭਾਗ ਮਾਣਿਆ, ਪੁੱਤ ਆਪਣੇ ਲੀਡਰ ਬਣਾਏ , ਚਿੱਟਾ ਸਮੈਕ ਸਿਖਰਾਂ ਤੇ ਰਹੇ ਪਰ ਰਾਜਭਾਗ ਸਮੇਂ ਬੰਦੀ ਸਿੰਘ ਯਾਦ ਕਿਉਂ ਨਾ ਆਏ ? ਅਨੰਦਪੁਰ ਦਾ ਮਤਾ ਰਾਜਭਾਗ ਮਾਣਦੇ ਸਮੇਂ ਤੁਹਾਡੇ ਭਾਸ਼ਣਾਂ ਦਾ ਹਿੱਸਾ ਬਣਿਆ ? ਨਹੀਂ ? ਸੁਮੇਧ ਸੈਣੀ ਨੂੰ ਪੰਜਾਬ ਪੁਲਿਸ ਦਾ ਮੁਖੀ ਲਾਉਣ ਵੇਲੇ ਤੁਹਾਡੇ ਮੂੰਹ ਕਿਉਂ ਨਾ ਖੁੱਲੇ ? ਸਿਰਸਾ ਸਾਧ ਤੋਂ ਵੋਟਾਂ ਮੰਗਣ ਵੀ ਜਾਂਦੇ ਰਹੇ ਹੋ ਕਿਉਂ ? ਬੇਅਦਬੀ, ਬਰਗਾੜੀ ਘਟਨਾ ਸਮੇਂ ਗੁਰੂ ਤੋਂ ਮੁਖ ਮੋੜੀ ਰੱਖਿਆ ਆਹ ਦਿਨ ਨਾ ਵੇਖਣੇ ਪੈਂਦੇ ਜੇ ਉਸ ਵੇਲੇ ਹੀ ਅਸਤੀਫਾ ਦਿੰਦੇ ਤੇ ਠੋਕਰ ਮਾਰਦੇ ਕੁਰਸੀ ਨੂੰ ਪਰ ਤੁਸੀਂ ਤਾਂ ਗੁਰੂ ਨਾਲੋਂ ਵੱਧ ਅਹਿਮੀਅਤ ਕੁਰਸੀ ਦੇਈ ਰੱਖੀ ਹੋਈ ਸੀ।ਯਾਦ ਕਰੋ ਜਿਹੜੇ ਦਿੱਲੀ ਦਰਬਾਰ ਦੀਆਂ ਲੇਲ ?ੜੀਆਂ ਕੱਢ ਰਹੇ ਹੋ ਉਸ ਨੂੰ ਜਿੱਤ ਕੇ ਗੁਰੂ ਘਰਾਂ ਦੇ ਪਰਬੰਧ ਖਾਤਰ ਬਾਬਾ ਬਘੇਲ ਸਿੰਘ ਜੀ ਤੇ ਸਿੰਘਾਂ ਨੇ ਤਖਤ ਨੂੰ ਠੋਕਰ ਮਾਰ ਦਿੱਤੀ ਸੀ ਕਿਹਾ ਜਾਓ ਕਰੋ ਰਾਜ ਪਰ ਸਾਡੇ ਗੁਰੂ ਘਰਾਂ ਦੇ ਪਰਬੰਧ ਚ ਦਖਲਅੰਦਾਜ਼ੀ ਨਹੀਂ ਕਰਨੀ ਪਰ ਤੁਸੀਂ ਅੱਜ ਪੰਥ ਦੀ ਸਿਰਮੌਰ ਸੰਸਥਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਦਿੱਲੀ ਦਰਬਾਰ ਤੋਂ ਬਿਨਾਂ ਕਰਵਾ ਨਹੀਂ ਸਕਦੇ ਜੇ ਰਾਜਭਾਗ ਸਮੇਂ ਤੁਹਾਡੇ ਦਿਮਾਗਾਂ ਚ ਗੁਰੂ ਘਰਾਂ ਲਈ ਸਤਿਕਾਰ ਹੁੰਦਾ ਤਾਂ ਭਾਈਵਾਲੀ ਦਾ ਫਾਇਦਾ ਲੈ ਕੇ ਸਰਕਾਰੀ ਦਖਲਅੰਦਾਜ਼ੀ ਖਤਮ ਕਰਵਾ ਲੈਂਦੇ ਪਰ ਤੁਹਾਡੀਆਂ ਜਮੀਰਾਂ ਤਾਂ ਬੇਅਦਬੀ ਸਮੇਂ ਨਾ ਜਾਗੀਆਂ ਸਭ ਜੱਗ ਜਾਹਿਰ ਹੈ ਲੀਡਰੋ ਹੁਣ ! ਟਕਸਾਲੀ ਅਕਾਲੀ ਪਰਿਵਾਰ ਦੇ ਜੰਮਪਲ ਹੋ ਕੇ ਆਹ ਸੁਣ ਕੇ ਸ਼ਰਮ ਆਉਂਦੀ ਹੈ ਜਦ ਸੁਖਬੀਰ ਲਾਣਾ ਦੂਸਰੇ ਧੜੇ ਨੂੰ ਨਾਗਪੁਰ ਅਕਾਲੀ ਦਲ ਆਖਦਾ ਐ ਤੁਸੀਂ ਨਾਗਪੁਰ ਦੇ ਸਿਆਸੀ ਵਿੰਗ ਭਾਜਪਾ ਨਾਲ ਜਦ ਪਤਨੀ ਪਤੀ ਦਾ ਰਿਸ਼ਤਾ ਜਾਂ ਨੂੰਹ ਮਾਸ ਦਾ ਰਿਸ਼ਤਾ 1977 ਤੋਂ ਮਾਣਦੇ ਆ ਰਹੇ ਹੋ ਕੀ ਉਹ ਯਾਦ ਨਹੀਂ ਹੈ ? ਜਦ ਤੁਸੀਂ ਰਾਜਭਾਗ ਚ ਸੀ ਤਾਂ ਨਾਗਪੁਰ ਫਿਟ ਸੀ ਤੁਹਾਡੇ ਪਰ ਇਕ ਅਕਾਲੀ ਹੋ ਕੇ ਆਪਣੀ ਪਾਰਟੀ ਦੇ ਨਰਾਜ਼ ਧੜੇ ਨੂੰ ਨਾਗਪੁਰ ਅਕਾਲੀ ਦਲ ਕਹਿਣਾ ਜਾਹਿਰ ਕਰਦਾ ਕਿ ਹੁਣ ਸੱਚ ਬਾਹਰ ਆ ਰਿਹਾ।ਤੁਸੀਂ ਪਹਿਲਾਂ ਨਾਗਪੁਰ ਸਹਾਰੇ ਰਾਜਭਾਗ ਮਾਣਿਆ ਲਿਆ ਹੁਣ ਖਤਰਾ ਜਾਪਦਾ ਕਿ ਕਿਤੇ ਇਹ ਨਾਗਪੁਰ ਵਾਲੇ ਬਣ ਕੇ ਰਾਜਭਾਗ ਨਾ ਮਾਣ ਲੈਣ, ਸਿਰ ਤੇ ਦਸਤਾਰਾਂ ਸਿਜਾ ਕੇ ਅਕਾਲੀ ਕਹਾਉਣ ਵਾਲੇ ਲੀਡਰੋ ਸ਼ਰਮ ਆਉਂਦੀ ਐ ਕਿ ਤੁਸੀਂ ਅਜਿਹੀ ਸੋਚ ਦੇ ਮਾਲਕ ਹੋ ਤੇ ਇਹੀ ਸੋਚ ਦੇ ਮਾਲਕ ਬਣ ਕੇ ਰਾਜਭਾਗ ਮਾਣਦੇ ਰਹੇ ਹੋ ! 11/12 ਸਾਲਾਂ ਦੀ ਭਾਈਵਾਲੀ ਚ ਪੰਜਾਬ, ਕੌਮ , ਸਿੱਖ ਜਵਾਨੀ ਦਾ ਕੋਈ ਵੀ ਮਸਲਾ ਹੱਲ ਨਹੀਂ ਕਰਵਾ ਹੋਇਆ ਕਿਉਂਕਿ ਨਾਗਪੁਰ ਦੇ ਹੁਕਮਾਂ ਦੇ ਪਾਬੰਦ ਸੀ ਤੁਸੀਂ ਕੀ ਇਸੇ ਕਰਕੇ ? ਹੁਣ ਜਦ ਤੁਸੀਂ ਰਾਜਭਾਗ ਮਾਣ ਕੇ ਦੂਸਰੇ ਵੱਲ ਉਂਗਲ ਕਰਦੇ ਹੋ ਤਾਂ ਤਿੰਨ ਉਂਗਲਾਂ ਤੁਹਾਡੇ ਵੱਲ ਵੀ ਹੁੰਦੀਆਂ ਹਨ। ਪੰਜਾਬ ਚ ਵਸਦੇ ਟਕਸਾਲੀ ਅਕਾਲੀਓ ਕੀ ਇਹ ਏਕਤਾ ਸ਼ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਲਈ ਹੋਵੇਗੀ ? ਨਹੀਂ ! ਇਹ ਏਕਤਾ ਦੋ ਧੜਿਆਂ ਦੀ ਏਕਤਾ ਸਿਰਫ ਤੇ ਸਿਰਫ ਅਕਾਲੀ ਦਲ ਬਾਦਲ ਨੂੰ ਬਚਾਉਣ ਖਾਤਰ ਹੋਵੇਗੀ।ਇਸ ਦਲ ਦਾ ਪਰਧਾਨ ਜਿਸ ਨੇ ਲਗਾਤਾਰ ਛੇ ਵਾਰ ਹਾਰ ਕੇ ਨੈਤਿਕਤਾ ਨਹੀਂ ਵਿਖਾਈ ਨਾ ਤਿਆਗ ਕੀਤਾ ਸੋਚੋ ਵਿਚਾਰੋ ਸਿੱਖੋ ਸਿਰਦਾਰੋ ? ਜਥੇਦਾਰ ਜੀ ਨੇ ਜੇਕਰ ਏਕਤਾ ਕਰਵਾਉਣ ਦਾ ਕਦਮ ਚੁੱਕਣਾ ਹੈ ਤਾਂ ਉਹ ਸਾਰੇ ਅਕਾਲੀ ਦਲਾਂ ਨੂੰ ਭੰਗ ਕਰਕੇ ਇਕ ਸ਼ਰੋਮਣੀ ਅਕਾਲੀ ਦਲ ਬਣਾਉਣ ਲਈ ਹੁਕਮ ਕਰਨ।ਜੇਕਰ ਦੋ ਧੜਿਆਂ ਦੀ ਏਕਤਾ ਕਰਵਾਉਣਗੇ ਤਾਂ ਅਕਾਲੀ ਦਲ ਬਾਦਲ ਦੇ ਦੋ ਧੜਿਆਂ ਦੀ ਏਕਤਾ ਹੋਵੇਗੀ ਨਾ ਕਿ ਸਮੁੱਚੇ ਦਲਾਂ ਚ ਏਕਤਾ ਕਰਵਾ ਕੇ ਸ਼ਰੋਮਣੀ ਅਕਾਲੀ ਦਲ ਇਕੋ ਇਕ ਸਿੱਖਾਂ ਦਾ ਨੁਮਾਇੰਦਾ ਦਲ ਬਣਾਉਣ ਦੀ ਏਕਤਾ ਹੋਵੇਗੀ।ਝੂੰਦਾਂ ਕਮੇਟੀ ਦੀ ਰਿਪੋਰਟ ਨੂੰ ਹੁਣ ਤੱਕ ਕਿਉਂ ਦਬਾ ਕੇ ਰੱਖਿਆ ਗਿਆ ? ਕੀ ਲੋੜ ਸੀ ਫਿਰ ਕਮੇਟੀ ਬਣਾਉਣ ਦੀ ? ਦਸ ਲੋਕ ਸਭਾ ਉਮੀਦਵਾਰਾਂ ਦੀਆਂ ਜਮਾਨਤ ਜਬਤ ਕਰਵਾ ਕੇ , ਛੇ ਵਾਰ ਹਾਰ ਕੇ ਝੂੰਦਾਂ ਕਮੇਟੀ ਦੀ ਰਿਪੋਰਟ ਨੂੰ ਮੰਨਣਾ ਕਾਹਦਾ ਮੰਨਣਾ ਹੈ, ਪੱਥਰ ਚੱਟ ਕੇ ਮੁੜਨ ਦਾ ਪ੍ਰਤੀਕ ਹੋ ਨਿਬੜਦਾ।

ਜਿਹੜੀ ਹੁਣ ਏਕਤਾ ਦੀ ਰਟ ਲਗਾਉਣੀ ਸ਼ੁਰੂ ਕਰੀ ਗਈ ਹੈ, ਇਹ ਏਕਤਾ ਸਮੁੱਚੇ ਪੰਥ ਚ ਏਕਤਾ ਹੋਣੀ ਚਾਹੀਦੀ ਹੈ।'ਰਾਜ ਬਿਨਾਂ ਨਹੀਂ ਧਰਮ ਚਲੇ ਹੈਂ ਧਰਮ ਬਿਨਾਂ ਸਭ ਦਲੇ ਮਲੇਂ ਹੈਂ।' ਰਾਜ ਜਿਹੜਾ ਹੰਢਾਇਆ ਉਹਦੇ ਚ ਧਰਮ ਨੂੰ ਵਿਸਾਰ ਕੇ ਰਾਜਭਾਗ ਦਾ ਹਉਮੈ ਹੰਕਾਰ ਪਾਲ ਕੇ ਮਾਣਿਆ ਰਾਜ ਇਹਨਾਂ ਹਾਲਾਤਾਂ ਦਾ ਜਿੰਮੇਵਾਰ ਹੈ।ਕੀ ਸੁਖਬੀਰ ਬਾਦਲ ਨੇ ਮਨ ਨੀਵਾਂ ਮੱਤ ਉਚੀ ਰੱਖ ਕੇ ਰਾਜਭਾਗ ਮਾਣਿਆ ? ਨਹੀਂ ! ਹੁਣ ਵੀ ਨਾ ਮਨ ਨੀਵਾਂ ਹੈ ਨਾ ਮੱਤ ਉਚੀ ਹੈ ਜਦ ਪੰਜਾਬ ਦੇ ਬੱਚੇ ਬੱਚੇ ਦੀ ਜੁਬਾਨ ਤੇ ਹੈ ਕਿ ਜੇ ਲਾਂਭੇ ਹਟ ਜਾਣ ਬਾਦਲ ਤਾਂ ਸ਼ਰੋਮਣੀ ਅਕਾਲੀ ਦਲ ਮੁੜ ਸੁਰਜੀਤ ਕਰਿਆ ਜਾ ਸਕਦਾ ਹੈ। ਏਕਤਾ ਸਮੁੱਚੇ ਸਿੱਖ ਭਾਈਚਾਰੇ ਚ ਹੋਣੀ ਸਮੇਂ ਦੀ ਸਖਤ ਜਰੂਰਤ ਹੈ।ਪੰਜਾਬ ਚ ਵਸਦੇ ਸਿੱਖੋ ਸਿਰਦਾਰੋ ਸਾਡਾ ਨੁਕਸਾਨ ਕੌਮ ਚ ਬੈਠੇ ਗਦਾਰਾਂ, ਦਿੱਲੀ ਦੇ ਯਾਰਾਂ ਕੁਰਸੀਵਾਦੀ ਦਿਸਦੇ ਸਿੱਖ ਲੀਡਰਾਂ ਨੇ ਕਰਿਆ ਹੈ।ਸਿਆਣਿਆਂ ਦਾ ਕਥਨ ਹੈ ਕਿ ਜਦ ਵੀ ਕੋਈ ਬੰਦਾ ਤੁਹਾਨੂੰ ਉਚੇਚੇ ਤੌਰ ਤੇ ਕੁਝ ਵੀ ਆਖਦਾ ਉਸ ਨੂੰ ਸੋਚੇ ਵਿਚਾਰੇ ਬਿਨਾਂ ਰੱਦ ਨਾ ਕਰੋ।ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਹ ਕਿਹਾ ਸੀ ਕਿ ਹੁਣ ਸ਼ਰੋਮਣੀ ਅਕਾਲੀ ਦਲ ਤੇ ਸਰਮਾਏਦਾਰੀ ਭਾਰੂ ਹੋ ਚੁੱਕੀ ਹੈ ਤਾਂ ਅਸੀਂ ਆਮ ਟਕਸਾਲੀ ਅਕਾਲੀ ਪਰਿਵਾਰਾਂ ਚੋਂ ਲੀਡਰ ਬਣਨ ਵਾਲੇ ਟਕਸਾਲੀ ਅਕਾਲੀਆਂ ਨੇ ਜਥੇਦਾਰ ਟੌਹੜਾ ਦੇ ਕਹੇ ਤੇ ਗੌਰ ਨਾ ਕਰਿਆ ਉਹਨਾਂ ਸਰਮਾਏਦਾਰਾਂ ਦੇ ਪਿਛਲੱਗ ਬਣ ਕੇ ਚੱਲਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਅੱਜ ਵਾਲੇ ਹਾਲਾਤ ਪੈਦਾ ਹੋਏ ਹਨ।ਮਿਸਾਲ ਹੈ ਕਿ ਹੁਣ ਆਪਾਂ ਕੰਧ ਤੇ ਲਿਖਆ ਪੜਨਾ ਲਈਏ ਕਿ ਪਰਵਾਸੀਆਂ ਦਾ ਸਾਡੇ ਘਰ ਪੰਜਾਬ ਤੇ ਕਬਜਾ ਰੋਜਾਨਾ ਵਧਦਾ ਜਾ ਰਿਹਾ ਪਰ ਇਹ ਸਰਮਾਏਦਾਰ ਪੈਸੇ ਆਲੇ ਸਰਦਾਰ ਆਗੂ ਕਦੀ ਵੀ ਨਹੀਂ ਸੋਚਣਗੇ ਕਿਉਂਕਿ ਇਹਨਾਂ ਨੂੰ ਪੰਜਾਬ ਨਾਲੋਂ ਵੱਧ ਚਿੰਤਾ ਪੰਜਾਬ ਤੋਂ ਬਾਹਰ ਪਈਆਂ ਨਿੱਜੀ ਜਾਇਦਾਦਾਂ ਲਈ ਹੁੰਦੀ ਹੈ।ਇਸ ਕਰਕੇ ਪੰਜਾਬੀਓ ਆਹ ਕੁਝ ਵਰਗ ਜੋ ਇਕਜੁੱਟ ਹੋ ਜਾਣ ਤਾਂ ਹੀ ਸੁਧਾਰ ਹੋ ਸਕਦਾ ਹੈ ਭਾਵ ਕਿਸਾਨ , ਮਜਦੂਰ ਤੇ ਮੱਧਵਰਗੀ ਪੰਜਾਬੀ, ਇਹਨਾਂ ਕੋਲ ਹੀ ਵੋਟਾਂ ਵੱਧ ਹਨ ਪਰ ਜਦ ਅਸੀਂ ਬਹੁਗਿਣਤੀ ਪੰਜਾਬੀ ਸਰਮਾਏਦਾਰ ਸ਼ੈਤਾਨ ਦਿਮਾਗਾਂ ਦੀ ਕਾਢ ਮੁਫਤਖੋਰੀ ਦੇ ਲਾਲਚ ਚ ਆ ਕੇ ਅਣਖ, ਗੈਰਤ ਤੇ ਰੜਕ ਤੋਂ ਦੂਰ ਹੋ ਕੇ ਮੁਫਤ ਖੋਰ ਬਣਦੇ ਹਾਂ ਤਾਂ ਸਾਡੀ ਇਸ ਕਮਜੋਰੀ ਦਾ ਇਹ ਫਾਇਦਾ ਚੁੱਕਦੇ ਹਨ। ਪੰਜਾਬ ਚ ਵਸਦੇ ਸਿੱਖੋ ਸਿਰਦਾਰੋ ਪੰਜਾਬੀਓ ਜਿਸ ਏਕਤਾ ਦਾ ਰੌਲਾ ਪਾਇਆ ਜਾ ਰਿਹਾ ਹੈ ਉਸ ਏਕਤਾ ਨਾਲੋਂ ਸਮੁੱਚੇ ਪੰਥਕ ਦਲਾਂ ਚ ਪੰਥਕ ਜਥੇਬੰਦੀਆਂ ਚ ਪੂਰਨ ਏਕਤਾ ਹੋਵੇ ਤੇ ਸਮੁੱਚੀ ਸਿੱਖ ਕੌਮ ਦਾ ਇਕੋ ਇਕ ਰਾਜਸੀ ਦਲ ਸ਼ਰੋਮਣੀ ਅਕਾਲੀ ਦਲ ਸੁਰਜੀਤ ਕਰਿਆ ਜਾਵੇ। ਜਿਸ ਵਿਚੋਂ ਕੁਰਸੀਵਾਦੀ, ਮਾਇਆਵਾਦੀ ਤੇ ਪਰਿਵਾਰਵਾਦੀ ਸੋਚ ਮਨਫੀ ਕਰਕੇ ਪੰਥ ਵਸੇ ਮੈਂ ਉਜੜਾਂ ਮਨ ਚਾਓ ਘਨੇਰਾ ਵਾਲੀ ਸਿਧਾਂਤਕ ਸੋਚ ਲਾਗੂ ਹੋਵੇ।ਇਹੀ ਐ ਆਸ ਤੇ ਇਹੀ ਐ ਵਿਸ਼ਵਾਸ਼ ਜੀ॥